# PUNJAB VIDHAN SABHA

## DEBATES

*Monday, the 27th March, 2017*

***Vol. I– No. 2***

OFFICIAL REPORT

CONTENTS


| | Page |
|---|---|
| Presentation of the First Report of the Business Advisory Committee | (2) 1 |
| Election of the Speaker | (2) 6 |
| Walk out | (2) 7 |
| Congratulatory Speeches | (2) 7 |



**Punjab Vidhan Sabha Secretariat, Chandigarh**

Price : Rs._________.

**ਪੰਜਾਬ ਮੰਤਰੀ ਮੰਡਲ ਦੀ ਸੂਚੀ**

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ | ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ |
| 3. | ਸਰਦਾਰ ਨਵਜੋਤ ਸਿੰਘ ਸਿੱਧੂ | ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ | ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ |
| 5. | ਸਰਦਾਰ ਸਾਧੂ ਸਿੰਘ ਧਰਮਸੋਤ | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ | ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| 7. | ਰਾਣਾ ਗੁਰਜੀਤ ਸਿੰਘ | ਸਿੰਜਾਈ ਅਤੇ ਬਿਜਲੀ ਮੰਤਰੀ |
| 8. | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ |
| 9. | ਸ਼੍ਰੀਮਤੀ ਅਰੁਨਾ ਚੌਧਰੀ | ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ | ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜ ਮੰਤਰੀ |

## PUNJAB VIDHAN SABHA

*Monday, the 27th March, 2017*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr Speaker (pro-tem) (Rana Kanwar Pal Singh) in the Chair.*

-----

### PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਕਿ ਇਸ ਤਰ੍ਹਾਂ ਹੈ :-

ਸੋਧੇ ਹੋਏ ਆਰਜ਼ੀ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ ਮਿਤੀ 27.3.2017 ਤੋਂ 29.3.2017 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇ :-

| | |
|---|---|
| ਸੋਮਵਾਰ, 27 ਮਾਰਚ, 2017<br>(2.00 ਵਜੇ ਬਾਅਦ ਦੁਪਹਿਰ) | i) ਬਾਕੀ ਰਹਿੰਦੇ ਚੁਣੇ ਗਏ ਮੈਂਬਰਾਂ ਦੁਆਰਾ ਸਹੁੰ ਚੁੱਕਣਾ;<br>ii) ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਾ; ਅਤੇ<br>iii) ਮਾਨਯੋਗ ਸਪੀਕਰ ਦੀ ਚੋਣ; |
| ਮੰਗਲਵਾਰ, 28 ਮਾਰਚ, 2017<br>(11.00 ਵਜੇ ਸਵੇਰੇ)<br>ਬੁੱਧਵਾਰ, 29 ਮਾਰਚ, 2017<br>(10.00 ਵਜੇ ਸਵੇਰੇ) | **ਰਾਜਪਾਲ ਦਾ ਭਾਸ਼ਣ**<br>i) ਅਕਾਲ ਚਲਾਣਿਆਂ ਦਾ ਵਰਣਨ;<br>ii) ਸਾਲ 2016-17 ਲਈ ਅਨੁਪੂਰਕ ਅਨੁਮਾਨ ਪੇਸ਼ ਕਰਨਾ;<br>iii) ਸਾਲ 2016-17 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿੱਚ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ;<br>iv) ਸਾਲ 2016-17 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿੱਚ ਨਮਿੱਤਣ ਬਿਲ;<br>v) ਲੇਖਾ ਅਨੁਦਾਨ ਪੇਸ਼ ਕਰਨਾ;<br>vi) ਪੰਜਾਬ ਨਮਿੱਤਣ ਬਿਲ (ਲੇਖਾ ਅਨੁਦਾਨ) ਬਿਲ, 2017;<br>vii) ਸਾਲ 2017-18 ਲਈ ਪੰਜਾਬ ਵਿਧਾਨ ਸਭਾ |

ਦੀਆਂ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ;

viii) ਸਦਨ ਨੂੰ ਅਣਮਿਥੇ ਸਮੇਂ ਲਈ ਸਥਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ; ਅਤੇ

ix) ਵਿਧਾਨਕ ਕੰਮ-ਕਾਰ, ਜੇਕਰ ਕੋਈ ਹੋਵੇ।

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

ਹੁਣ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਪ੍ਰਸਤਾਵ ਕੀਤਾ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਬਹਿਸ, ਹਾਂ ਜੀ ਫੂਲਕਾ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ) :** ਸਪੀਕਰ ਸਾਹਿਬ, ਕੰਸਟੀਚਿਊਸ਼ਨ ਦੀ ਧਾਰਾ 176(2) ਵਿੱਚ ਇਹ ਜ਼ਰੂਰੀ ਹੈ ਕਿ ਜਦੋਂ ਗਵਰਨਰ ਸਾਹਿਬ ਦਾ ਐਡਰੈਸ ਹੋਵੇ ਤਾਂ ਉਸ ਤੇ ਨਾਲ ਹੀ ਡਿਸਕਸ਼ਨ ਹੋਵੇ। ਬਿਜ਼ਨਸ ਐਡਵਾਈਜ਼ਰੀ ਕਮੇਟੀ ਵੀ ਕੰਸਟੀਚਿਊਸ਼ਨ ਦੀ ਉਸ ਧਾਰਾ ਦੇ ਖਿਲਾਫ ਨਹੀਂ ਜਾ ਸਕਦੀ। ਜੇਕਰ ਤੁਸੀਂ ਇਜਾਜ਼ਤ ਦੇਵੋ ਤਾਂ ਕੰਸਟੀਚਿਊਸ਼ਨ ਦੀ ਧਾਰਾ 176(2) ਨੂੰ ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ । ਸਰ, ਮੈਂ ਕਾਂਸਟੀਚਿਊਸ਼ਨ ਦੀ 176 ਦੀ ਧਾਰਾ 2 ਵਿੱਚ ਕਲੀਅਰਲੀ ਲਿਖਿਆ ਹੋਇਆ ਹੈ ਕਿ ਗਵਰਨਰ ਦੇ ਐਡਰੈਸ ਤੇ ਬਹਿਸ ਹੋਵੇਗੀ ਅਤੇ ਇਸ ਦੇ ਨਾਲ ਹੀ ਜੋ ਰੂਲਜ਼ ਹਨ, ਉਨ੍ਹਾਂ ਰੂਲਜ਼ ਵਿੱਚ ਵੀ ਬੜਾ ਕਲੀਅਰਲੀ ਲਿਖਿਆ ਹੈ ਕਿ ਗਵਰਨਰ ਸਾਹਿਬ ਦੇ ਐਡਰੈਸ ਉਪਰ ਬਹਿਸ ਹੋਵੇਗੀ ਅਤੇ ਬਹਿਸ ਤੋਂ ਮਗਰੋਂ ਜੇ ਕਿਸੇ ਵੀ ਮੈਂਬਰ ਨੇ ਅਮੈਂਡਮੈਂਟ ਕਰਨੀ ਹੈ ਤਾਂ ਉਹ ਅਮੈਂਡਮੈਂਟ ਮੂਵ ਕਰ ਸਕਦਾ ਹੈ । ਜਨਾਬ, ਮੈਂ ਬਿਜ਼ਨਸ ਐਡਵਾਈਜ਼ਰੀ ਕਮੇਟੀ ਵਿੱਚ ਵੀ ਇਹ ਆਬਜ਼ੈਕਸ਼ਨ ਕੀਤਾ ਸੀ। ਜੋ ਸਾਲ 2002 ਦਾ ਪ੍ਰੈਸੀਡੈਂਟ ਹੈ, ਉਦੋਂ ਦੀ ਸਰਕਾਰ ਨੇ ਕਾਂਸਟੀਚਿਊਸ਼ਨ ਦੀ ਉਲੰਘਣਾ ਕੀਤੀ ਅਤੇ ਆਪੋਜ਼ੀਸ਼ਨ ਨੇ ਆਬਜ਼ੈਕਸ਼ਨ ਰੇਜ਼ ਨਹੀਂ ਕੀਤਾ। ਹੁਣ ਇਸ ਵਾਰੀ ਉਹ ਗਲਤ ਪ੍ਰੰਪਰਾ ਫਾਲੋ ਨਾ ਕੀਤੀ ਜਾਵੇ। ਕਾਂਸਟੀਚਿਊਸ਼ਨ

ਇਹ ਕਹਿੰਦਾ ਹੈ ਅਤੇ ਸਾਡੇ ਰੂਲਜ਼ ਇਹ ਕਹਿੰਦੇ ਹਨ ਕਿ ਗਵਰਨਰ ਐਡਰੈਸ ਤੋਂ ਬਾਅਦ ਉਸ ਤੇ ਮੋਸ਼ਨ ਆਫ ਥੈਂਕਸ ਹੋਵੇ ਅਤੇ ਉਸ ਤੇ ਡਿਸਕਸ਼ਨ ਹੋਵੇ। ਮੇਰੀ ਇਹ ਗੁਜ਼ਾਰਿਸ਼ ਹੈ ਕਿ ....

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਫੂਲਕਾ ਸਾਹਿਬ, ਤੁਸੀਂ ਆਪਣੀ ਗੱਲ ਕਹਿ ਲਈ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੇਰੀ ਵੀ ਬੇਨਤੀ ਹੈ। ਮੈਂ ਵੀ ਇਸ ਸਬੰਧੀ ਕੁਝ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਖਹਿਰਾ ਸਾਹਿਬ, ਗੱਲ ਆ ਗਈ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਨਹੀਂ ਜੀ। ਇਨ੍ਹਾਂ ਨੇ ਆਪਣੀ ਕਾਂਸਟੀਚਿਊਸ਼ਨ ਦੀ ਪ੍ਰੋਵੀਜ਼ਨ ਤੁਹਾਡੇ ਸਾਹਮਣੇ ਰੱਖੀ ਹੈ ਔਰ ਬੀ.ਏ.ਸੀ. ਵਿੱਚ ਵੀ ਇਨ੍ਹਾਂ ਨੇ ਇਹ ਗੱਲ ਕਹੀ ਸੀ। ਜੇਕਰ ਆਪਾਂ ਇਸ ਲਿਹਾਜ਼ ਤੇ ਇੱਕ ਦਿਨ ਜਾਂ ਅੱਧੇ ਦਿਨ ਲਈ ਬਹਿਸ ਰੱਖ ਲਵਾਂਗੇ ਤਾਂ ਠੀਕ ਰਹੇਗਾ। ਇਸੇ ਹਾਊਸ ਵਿੱਚ ਇਹੀ ਸਤਿਕਾਰਯੋਗ ਮੈਂਬਰ (ਰੂਲਿੰਗ ਬੈਂਚਿਜ਼ ਵੱਲ ਇਸ਼ਾਰਾ) 10 ਸਾਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਵਿਰੋਧ ਕਰਦੇ ਰਹੇ ਹਨ, ਇਸੇ ਹੀ ਗੱਲ ਤੇ ਕਿ ਸਾਨੂੰ ਸਾਡੇ ਅਧਿਕਾਰ ਨਹੀਂ ਦਿੱਤੇ ਜਾਂਦੇ। ਇਨ੍ਹਾਂ ਨੇ ਇੱਕ ਪੂਰੀ ਰਾਤ ਵੀ ਇੱਥੇ ਸਦਨ ਵਿੱਚ ਇਸ ਵਿਰੋਧ ਵਿੱਚ ਗੁਜ਼ਾਰੀ ਹੈ। Why are you denying the debate now ?

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਖਹਿਰਾ ਸਾਹਿਬ, ਤੁਸੀਂ ਇਹ ਗੱਲ ਕਹਿ ਲਈ ਹੈ। ਰੂਲਜ਼ ਤੋਂ ਤੁਸੀਂ ਵੀ ਵਾਕਫ਼ਕਾਰ ਹੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਨਹੀਂ ਜੀ। ਰੂਲਜ਼ ਦੀ ਗੱਲ ਨਹੀਂ ਹੈ। ਇਹ ਸਾਡਾ ਅਧਿਕਾਰ ਹੈ। ਸਾਰੀ ਆਪੋਜ਼ੀਸ਼ਨ ਇੱਥੇ ਬੈਠੀ ਹੈ। ਸਾਨੂੰ ਸਮਾਂ ਕਿਉਂ ਨਹੀਂ ਦਿੱਤਾ ਜਾ ਰਿਹਾ? (ਵਿਘਨ)

**Mr. Speaker (Pro-tem) :** We will have to go by Rules.

**Sardar Sukhpal Singh Khaira :** Sir, he has read out the Constitution. ਜੇਕਰ ਤੁਸੀਂ ਸ਼ੁਰੂਆਤ ਵਿੱਚ ਹੀ ਇਸ ਤਰ੍ਹਾਂ ਕਰ ਰਹੇ ਹੋ, this is very unfortunate. ਅਸੀਂ ਕੋਆਪਰੇਟ ਕਰਨ ਨੂੰ ਤਿਆਰ ਹਾਂ ਜੀ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਤਿਕਾਰਯੋਗ ਮੈਂਬਰਜ਼ ਨੂੰ ਮੈਂ ਇਹ ਕਹਿਣਾ ਚਾਹੁੰਦਾ ਹਾਂ...

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਇਹ ਕਾਂਸਟੀਚਿਊਸ਼ਨ ਦਾ 176(2) ਦਾ ਪ੍ਰੋਵੀਜ਼ਨ ਹੈ ਜੀ...

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਗੱਲ ਇਹ ਹੈ ਕਿ ਗਵਰਨਰ ਐਡਰੈਸ ਤੇ ਅੱਧਾ ਦਿਨ ਦੀ ਬਹਿਸ ਕਾਫ਼ੀ ਨਹੀਂ ਹੁੰਦੀ। (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਫਿਰ ਦੋ ਦਿਨ ਵਧਾ ਲਉ ਜੀ। What is the hurry?

**ਸੰਸਦੀ ਮਾਮਲੇ ਮੰਤਰੀ :** ਪਲੀਜ਼, ਸੁਣ ਲਵੋ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਗਵਰਨਰ ਐਡਰੈਸ ਤੇ ਬਹਿਸ ਹੈ, ਉਹ ਘੱਟੋ-ਘੱਟ ਤਿੰਨ-ਚਾਰ ਦਿਨਾਂ ਲਈ ਹੁੰਦੀ ਹੈ। ਅਗਲਾ ਸੈਸ਼ਨ ਵੀ ਆ ਰਿਹਾ ਹੈ। ਨਾਲੇ ਹੁਣ ਹੀ ਤਾਂ ਨਵੀਂ ਸਰਕਾਰ ਬਣੀ ਹੈ। ਕਹਿਣ ਲਈ ਵੀ ਕੁਝ ਹੋਣਾ ਚਾਹੀਦਾ ਹੈ। ਸਾਡੀ ਸਰਕਾਰ ਤਾਂ ਅਜੇ ਹੁਣੇ ਹੀ ਬਣੀ ਹੈ। ਇਹ ਕਿਹੜੇ ਗਵਰਨਰ ਐਡਰੈਸ ਤੇ ਬਹਿਸ ਕਰਨੀ ਚਾਹੁੰਦੇ ਹਨ, ਕੀ ਇਹ ਪਿਛਲੀ ਸਰਕਾਰ ਦੇ ਗਵਰਨਰ ਐਡਰੈਸ ਤੇ ਬਹਿਸ ਕਰਨੀ ਚਾਹੁੰਦੇ ਹਨ ਜਾਂ ਸਾਡੀ ਗੌਰਮਿੰਟ ਦੇ ਗਵਰਨਰ ਐਡਰੈਸ ਤੇ ਬਹਿਸ ਕਰਨੀ ਚਾਹੁੰਦੇ ਹਨ ?

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਗਵਰਨਰ ਐਡਰੈਸ ਤੇ ਜੇ ਆਪਣੀ ਗੱਲ ਰੱਖ ਦੇਵਾਂਗੇ ਤਾਂ ਇਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਖਹਿਰਾ ਸਾਹਿਬ, ਤੁਸੀਂ ਆਪਣੀ ਗੱਲ ਕਹਿ ਲਈ ਹੈ। (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇਹ ਆਪਣੀ ਗੱਲ ਕਹਿ ਲੈਣ। ਸਾਨੂੰ ਉਸ ਦਾ ਕੋਈ ਜਵਾਬ ਨਾ ਦੇਣ ਦਿੱਤਾ ਜਾਵੇ, ਇਹ ਤਾਂ ਠੀਕ ਨਹੀਂ। ਪੰਜਾਬ ਵਿੱਚ ਚੋਣਾਂ ਹੋ ਕੇ ਹਟੀਆਂ ਹਨ। ਭਖਦੇ ਮਸਲੇ ਹਨ, ਡਰੱਗਜ਼ ਦਾ ਮਸਲਾ ਹੈ, ਕੁਰੱਪਸ਼ਨ ਦਾ ਮਸਲਾ ਹੈ, ਬੇਰੁਜ਼ਗਾਰੀ ਦਾ ਮਸਲਾ ਹੈ, ਹੈਲਥ ਕੇਅਰ ਅਤੇ ਐਜੂਕੇਸ਼ਨ ਦਾ ਮਸਲਾ ਹੈ। ਕਿੰਨੇ ਹੀ ਮਸਲੇ ਹਨ ਜੀ। ਸਟੇਟ ਤੇ ਕਰਜ਼ਾ ਕਿੰਨਾ ਹੈ ਜੀ। ਇੱਕ ਇਨ੍ਹਾਂ ਨੇ ਓ.ਐਸ.ਡੀਜ਼ ਅਤੇ ਐਡਵਾਈਜ਼ਰਾਂ ਦੀ ਫੌਜ ਬਣਾ ਦਿੱਤੀ ਹੈ ਜੀ।

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਤੁਹਾਨੂੰ ਉਦੋਂ ਪੂਰਾ ਵਕਤ ਦਿੱਤਾ ਜਾਵੇਗਾ। ਤੁਹਾਨੂੰ ਮੌਕਾ ਮਿਲੇਗਾ। ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ। ਪਲੀਜ਼, ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਅਸੀਂ ਤੁਹਾਨੂੰ ਕੋਆਪਰੇਟ ਕਰਾਂਗੇ । ਸਾਡਾ ਬੜਾ ਸਟਰੌਂਗ ਆਬਜੈਕਸ਼ਨ ਹੈ ਜੀ। ਅਸੀਂ ਆਪਣੀ ਗੱਲ ਕਹਿ ਦਿੱਤੀ ਹੈ ਕਿ we will not tolerate this. You will have to have a debate on the floor of this House.

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਪ੍ਰਸ਼ਨ ਹੈ-

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ। (ਵਿਘਨ) (ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਅਸੀਂ ਸਹਿਮਤ ਨਹੀਂ ਹਾਂ ਜੀ। (ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਕਾਫ਼ੀ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ

ਅਸਹਿਮਤੀ ਪ੍ਰਗਟਾ ਰਹੇ ਸਨ।) (ਵਿਘਨ) (ਸ਼ੋਰ)

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਗਵਰਨਰ ਐਡਰੈਸ ਤੋਂ ਬਾਅਦ ਜੇਕਰ ਇਨ੍ਹਾਂ ਨੂੰ ਲਗਦਾ ਹੈ ਕਿ ਗਵਰਨਰ ਐਡਰੈਸ ਤੇ ਬਹਿਸ ਲਈ ਅੱਧੇ ਦਿਨ ਦਾ ਸਮਾਂ ਘੱਟ ਹੈ ਅਤੇ ਜੇਕਰ ਤੁਸੀਂ ਇਸ ਬਹਿਸ ਤੇ ਅੱਧੇ ਦਿਨ ਦੀ ਬਜਾਏ ਦੋ ਦਿਨ ਬੋਲਣ ਦਾ ਸਮਾਂ ਦੇ ਦਿਉਗੇ ਤਾਂ ਇਹ ਦੱਸੋ ਕਿ ਕੀ ਕੋਈ ਐਮਰਜੰਸੀ ਹੈ? ਜੇ ਤਾਂ ਕੋਈ ਅਜਿਹੀ ਗੱਲ ਹੈ ਤਾਂ ਅਸੀਂ ਬੈਠ ਜਾਂਦੇ ਹਾਂ ਪਰ ਇਹ ਉਹੀ ਲੋਕ ਹਨ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਜਿਹੜੇ ਆਪ ਸਦਨ ਵਿੱਚ ਸਦਨ ਦੀਆਂ ਪ੍ਰੰਪਰਾਵਾਂ ਨੂੰ ਬਹਾਲ ਰੱਖਣ ਦੀ ਗੱਲ ਕਹਿੰਦੇ ਰਹੇ ਹਨ, ਇਹ ਉਹੀ ਪਵਿੱਤਰ ਸਦਨ ਹੈ ਪਰ ਅੱਜ ਇਹ ਪ੍ਰੰਪਰਾਵਾਂ ਭੁੱਲ ਗਏ ਹਨ।

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਬੈਂਸ ਸਾਹਿਬ, ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਰ, ਜੇ ਗੱਲ ਸੁਣੋਗੇ ਨਹੀਂ ਤਾਂ ਕਹਿਣ ਦਾ ਕੀ ਫਾਇਦਾ ਹੈ? (ਵਿਘਨ)(ਸ਼ੋਰ)

(ਇਸ ਸਮੇਂ ਆਪੋਜ਼ੀਸ਼ਨ ਬੈਂਚਿਜ਼ ਦੇ ਸਦਨ ਵਿੱਚ ਹਾਜ਼ਰ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਬੈਠੋ ਜੀ। (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇਹ ਨਾਇਨਸਾਫੀ ਹੈ ਜੀ।

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਪ੍ਰਸ਼ਨ ਹੈ -

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।(ਵਿਘਨ)(ਸ਼ੋਰ)

*ਪ੍ਰਸਤਾਵ ਪ੍ਰਵਾਨ ਹੋਇਆ।(ਥੰਪਿੰਗ)*

**ਸਰਦਾਰ ਸੁਖਪਾਲ ਸਿੰਘ ਖਹਿਰਾ :** ** **

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਜੋ ਕੁਝ ਵੀ ਮੇਰੀ ਇਜਾਜ਼ਤ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ। (ਵਿਘਨ..ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮੌਜੂਦਾ ਸੈਸ਼ਨ ਦੌਰਾਨ ਹੀ ਗਵਰਨਰ ਐਡਰੈਸ ਤੇ ਬਹਿਸ ਕਰਵਾਉਣ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

---

** Expunged as ordered by the Chair.

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਸਰਕਾਰ ਨੂੰ ਥੋੜ੍ਹਾ ਟਾਈਮ ਦੇ ਦਿਓ। ਥੋੜ੍ਹਾ ਟਾਈਮ ਗੌਰਮਿੰਟ ਨੂੰ ਦੇ ਦਿਓ।(ਵਿਘਨ..ਸ਼ੋਰ)

**ਸਰਦਾਰ ਸਿਮਰਜੀਤ ਸਿੰਘ ਬੈਂਸ :** ** ** (ਵਿਘਨ..ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ** ** (ਵਿਘਨ..ਸ਼ੋਰ)

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਸਪੀਕਰ ਸਾਹਿਬ, ਹਾਲੇ ਕੰਮ ਹੀ ਸ਼ੁਰੂ ਨਹੀਂ ਹੋਇਆ, ਡਿਬੇਟ ਕਾਹਦੀ? ਸਾਨੂੰ ਕੰਮ ਤਾਂ ਕਰ ਲੈਣ ਦਿਓ, we are not denying (ਥੰਪਿੰਗ) ਅਸੀਂ ਡਿਬੇਟ ਤੋਂ ਡਿਨਾਈ ਨਹੀਂ ਕਰ ਰਹੇ। ਸਰਕਾਰ ਦਾ ਕੰਮ ਸ਼ੁਰੂ ਤਾਂ ਹੋ ਲੈਣ ਦਿਓ, ਫਿਰ ਜਿੰਨੀ ਮਰਜ਼ੀ ਡਿਬੇਟ ਕਰ ਲੈਣ । (ਵਿਘਨ..ਸ਼ੋਰ) (ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲੀ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

-----

## ELECTION OF THE SPEAKER

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਹੁਣ ਸਦਨ ਸਪੀਕਰ ਦੀ ਚੋਣ ਕਰੇਗਾ।ਸਦਨ ਦੇ ਨੇਤਾ ਪ੍ਰਸਤਾਵ ਪੇਸ਼ ਕਰਨ। (ਵਿਘਨ...ਸ਼ੋਰ)

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਨੇ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਾਨਯੋਗ ਸਪੀਕਰ (ਪ੍ਰੋ-ਟੈਮ) ਦੀ ਸ਼ਾਨ ਦੇ ਖਿਲਾਫ ** ** ਨਾਹਰੇ ਲਗਾਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ (ਪ੍ਰੋ-ਟੈਮ) :** ** ** ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ- ਕਿ ਰਾਣਾ ਕੰਵਰ ਪਾਲ ਸਿੰਘ, ਐਮ.ਐਲ.ਏ. ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿੱਚ ਹਾਜ਼ਰ ਹਨ, ਨੂੰ ਵਿਧਾਨ ਸਭਾ ਦੇ ਸਪੀਕਰ ਵਜੋਂ ਚੁਣਿਆ ਜਾਵੇ।(ਥੰਪਿੰਗ)

(ਇਸ ਸਮੇਂ ਸਦਨ ਵਿਚ ਹਾਜ਼ਰ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮੌਜੂਦਾ ਸੈਸ਼ਨ ਦੌਰਾਨ ਹੀ ਗਵਰਨਰ ਐਡਰੈਸ ਤੇ ਬਹਿਸ ਕਰਵਾਉਣ ਦੀ ਮੰਗ ਕਰ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

---

** Expunged/Not recorded as ordered by the Chair.

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ)** (ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ): ਹੱਕ ਦੇਣਾ ਜਾਂ ਨਾ ਦੇਣਾ ਲੋਕਾਂ ਦਾ ਕੰਮ ਹੁੰਦਾ ਹੈ, ਤੁਹਾਡਾ ਨਹੀਂ। ਤੁਸੀਂ ਲੋਕਾਂ ਕੋਲ ਵੀ ਬੜੀਆਂ ਚੀਕਾਂ ਮਾਰੀਆਂ ਤੇ ਲੋਕਾਂ ਨੇ ਤੁਹਾਨੂੰ ਝੱਗ ਵਾਂਗ ਬਿਠਾ ਦਿੱਤਾ। (ਵਿਘਨ..ਸ਼ੋਰ)

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ। (ਥੰਪਿੰਗ)

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਪ੍ਰਸਤਾਵ ਕੀਤਾ -

ਕਿ ਰਾਣਾ ਕੰਵਰ ਪਾਲ ਸਿੰਘ, ਐਮ.ਐਲ.ਏ. ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿੱਚ ਹਾਜ਼ਰ ਹਨ, ਨੂੰ ਵਿਧਾਨ ਸਭਾ ਦੇ ਸਪੀਕਰ ਵਜੋਂ ਚੁਣਿਆ ਜਾਵੇ।

(ਕੀ ਹੋਰ ਕੋਈ ਪ੍ਰਸਤਾਵ ਹੈ?)

**ਮਾਨਯੋਗ ਸਪੀਕਰ (ਪ੍ਰੋ-ਟੈਮ) :** ਕਿਉਂਕਿ ਕਿਸੇ ਹੋਰ ਮਾਨਯੋਗ ਮੈਂਬਰ ਦੁਆਰਾ ਕੋਈ ਪ੍ਰਸਤਾਵ ਪੇਸ਼ ਨਹੀਂ ਕੀਤਾ ਗਿਆ, ਮੈਂ ਰਾਣਾ ਕੰਵਰ ਪਾਲ ਸਿੰਘ, ਐਮ.ਐਲ.ਏ. ਨੂੰ ਵਿਧਾਨ ਸਭਾ ਦੇ ਸਪੀਕਰ ਵਜੋਂ ਸਰਬਸੰਮਤੀ ਨਾਲ ਚੁਣੇ ਜਾਣ ਦਾ ਐਲਾਨ ਕਰਦਾ ਹਾਂ। (ਥੰਪਿੰਗ)

(ਇਸ ਸਮੇਂ ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ, ਸੰਸਦੀ ਮਾਮਲੇ ਮੰਤਰੀ, ਸ਼੍ਰੀ ਬ੍ਰਹਮ ਮਹਿੰਦਰਾ ਅਤੇ ਮਾਨਯੋਗ ਮੈਂਬਰ ਸਰਦਾਰ ਅਜੀਤ ਸਿੰਘ ਕੋਹਾੜ ਅਤੇ ਸ਼੍ਰੀ ਦਿਨੇਸ਼ ਸਿੰਘ ਨੇ ਰਾਣਾ ਕੰਵਰ ਪਾਲ ਸਿੰਘ ਨੂੰ ਰਸਮੀ ਤੌਰ ਤੇ ਸਪੀਕਰ ਦੀ ਕੁਰਸੀ ਤੇ ਬਿਠਾਇਆ।)

-----

## WALK OUT

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਮੌਜੂਦਾ ਸੈਸ਼ਨ ਦੌਰਾਨ ਗਵਰਨਰ ਐਡਰੈਸ ਤੇ ਬਹਿਸ ਮੁਲਤਵੀ ਕਰਨ ਦੇ ਰੋਸ ਵਜੋਂ ਸਰਕਾਰ ਵਿਰੋਧੀ ** ** ਨਾਹਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

-----

## CONGRATULATORY SPEECHES

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਸਾਰੇ ਟਰੇਜ਼ਰੀ ਬੈਂਚਿਜ਼ ਵੱਲੋਂ ਅਤੇ ਸਾਰੇ ਸਦਨ ਵੱਲੋਂ ਆਪ ਜੀ ਨੂੰ ਵਧਾਈ ਦਿੰਦਾ ਹਾਂ, ਤੁਹਾਨੂੰ ਯੂਨਾਨੀਮਸਲੀ ਚੁਣਿਆ ਗਿਆ ਹੈ । ਇਹ ਗੱਲਾਂ ਤਾਂ ਅਸੀਂ ਦੇਖਦੇ ਰਹਿੰਦੇ ਹਾਂ, ਇਸ ਵਿੱਚ ਅਜਿਹੀ ਕੋਈ ਗੱਲ ਨਹੀਂ ਹੈ But this is unfortunate. ਮਾਨਯੋਗ ਸਪੀਕਰ

[ ਮੁੱਖ ਮੰਤਰੀ ]

ਦੀ ਚੋਣ ਜੋ ਕਿ ਸਾਡੇ ਸਦਨ ਦੀ ਇੱਕ ਪਰੰਪਰਾ ਹੈ it should be unanimous. ਉਸ ਦੇ ਵਿੱਚ ਇਨ੍ਹਾਂ ਨੇ (ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਵੱਲ ਇਸ਼ਾਰਾ) ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਸਪੀਕਰ ਸਾਹਿਬ, ਤੁਹਾਨੂੰ ਮੈਂ ਐਡਰੈਸ ਕਰ ਰਿਹਾ ਹਾਂ ਲੇਕਿਨ ਤੁਹਾਡੇ ਜੀਵਨ ਦੇ ਬਾਰੇ ਤਾਂ ਮੈਨੂੰ ਦੱਸਣਾ ਪਵੇਗਾ। ਅਸੀਂ ਇਨ੍ਹਾਂ ਨੂੰ ਰਾਣਾ ਕੇ.ਪੀ.ਜੀ ਕਰਕੇ ਜਾਣਦੇ ਹਾਂ । ਰਾਣਾ ਕੰਵਰ ਪਾਲ ਸਿੰਘ ਜੀ ਦਾ ਜਨਮ 1957 ਵਿੱਚ ਰੋਪੜ ਦੇ ਵਿੱਚ ਝਾਂਡੀਆਂ ਪਿੰਡ ਵਿੱਚ ਹੋਇਆ ਸੀ। ਇਨ੍ਹਾਂ ਨੇ ਹਾਈ ਸਕੂਲ ਤੱਕ ਦੀ ਵਿਦਿਆ ਤਖਤਗੜ੍ਹ ਰੋਪੜ ਤੋਂ ਹਾਸਲ ਕੀਤੀ। ਫਿਰ ਇਨ੍ਹਾਂ ਨੇ ਬੀ.ਏ. ਅਤੇ ਐਲ.ਐਲ.ਬੀ. ਡੀ.ਏ.ਵੀ. ਕਾਲਜ, ਦੇਹਰਾਦੂਨ ਤੋਂ ਕੀਤੀ ਸੀ। ਉਸ ਤੋਂ ਬਾਅਦ 21 ਸਾਲ ਰੋਪੜ ਵਿੱਚ ਵਕਾਲਤ ਕੀਤੀ। ਉਥੇ ਬਾਰ ਐਸੋਸ਼ੀਏਸ਼ਨ ਦੇ ਦੋ ਵਾਰ ਪ੍ਰਧਾਨ ਚੁਣੇ ਗਏ। ਸਿਆਸੀ ਜੀਵਨ ਇਨ੍ਹਾਂ ਨੇ ਆਪਣੇ ਪਿੰਡ ਦਾ ਸਰਪੰਚ ਬਣ ਕੇ ਸ਼ੁਰੂ ਕੀਤਾ। ਉਸ ਤੋਂ ਬਾਅਦ ਇਹ ਚੇਅਰਮੈਨ ਲੈਂਡ ਮੋਰਟਗੇਜ਼ ਬੈਂਕ, ਸ੍ਰੀ ਅਨੰਦਪੁਰ ਸਾਹਿਬ ਬਣੇ। ਸਾਲ 1975 ਵਿੱਚ ਸਿਆਸੀ ਜੀਵਨ ਦੇ ਖੇਤਰ ਵਿੱਚ ਇਨ੍ਹਾਂ ਨੂੰ ਰੋਪੜ ਜ਼ਿਲ੍ਹੇ ਦਾ ਯੂਥ ਕਾਂਗਰਸ ਦਾ ਪ੍ਰਧਾਨ ਬਣਾਇਆ ਗਿਆ। ਫਿਰ ਇਹ ਜਨਰਲ ਸੈਕਟਰੀ, ਪੰਜਾਬ ਯੂਥ ਕਾਂਗਰਸ ਔਰ ਉਸ ਤੋਂ ਬਾਅਦ ਮੀਤ ਪ੍ਰਧਾਨ ਬੀ.ਸੀ.ਸੀ ਔਰ ਮੈਂਬਰ ਏ.ਆਈ.ਸੀ.ਸੀ ਰਹੇ। ਦੋ ਵਾਰ ਇਹ ਸਦਨ ਦੇ ਮੈਂਬਰ ਰਹੇ ਹਨ। ਇਹ ਸਾਲ 2002 ਅਤੇ ਸਾਲ 2007 ਵਿੱਚ ਨੰਗਲ ਹਲਕੇ ਤੋਂ ਜਿੱਤੇ ਸਨ। ਹੁਣ ਤੀਸਰੀ ਵਾਰ ਇਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਜਿੱਤ ਪ੍ਰਾਪਤ ਕੀਤੀ ਹੈ। ਇਹ ਸਾਲ 2002 ਤੋਂ ਲੈ ਕੇ ਸਾਲ 2007 ਤੱਕ Punjab Pollution Control Board ਦੇ ਚੇਅਰਮੈਨ ਰਹੇ ਹਨ ਅਤੇ ਫਿਰ ਇਹ Chief Parliamentary Secretary ਵੀ ਰਹੇ । ਇਹ ਚੰਡੀਗੜ੍ਹ ਦੇ ਪੰਜਾਬ ਯੂਨੀਵਰਸਿਟੀ ਦੇ ਸੈਨੇਟ ਦੇ ਮੈਂਬਰ ਰਹੇ ਹਨ। ਇਨ੍ਹਾਂ ਨੇ ਉਸ ਧਰਤੀ ਤੇ ਜਨਮ ਲਿਆ ਹੈ ਜੋ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਧਰਤੀ ਹੈ ਜਿਥੇ ਇਨ੍ਹਾਂ ਦੇ ਬਜ਼ੁਰਗਾਂ ਨੇ ਦਸਵੇਂ ਪਾਤਸ਼ਾਹ ਦੀ ਸੇਵਾ ਕੀਤੀ। ਇਨ੍ਹਾਂ ਦੇ ਗਰੇਟ ਗਰੈਂਡ ਫਾਦਰ ਯਾਨੀ ਪੜਦਾਦਾ ਜੀ ਸੂਬੇਦਾਰ ਹਰਸਾ ਸਿੰਘ ਜੀ ਸਿੱਖ ਰੈਜੀਮੈਂਟ ਵਿੱਚ ਜਿਹੜਾ ਪਹਿਲਾ ਮਹਾਂਯੁੱਧ 1914 ਤੋਂ 1918 ਵਿੱਚ ਹੋਇਆ ਸੀ, ਉਸ ਵਿੱਚ ਉਨ੍ਹਾਂ ਨੇ ਹਿੱਸਾ ਪਾਇਆ ਸੀ। ਇਹ ਸਿਰਫ ਕਾਨੂੰਨ ਵਿੱਚ ਹੀ ਮਾਹਿਰ ਨਹੀਂ ਹਨ, ਇਹ ਖੇਤੀਬਾੜੀ ਅਤੇ ਹਾਰਟੀਕਲਚਰ ਦੇ ਵੀ ਮਾਹਿਰ ਹਨ। As a social worker ਇਨ੍ਹਾਂ ਦਾ ਹਰ ਪਿੰਡ ਵਿੱਚ ਗਰਾਸ ਰੂਟ ਤੇ ਜਾ ਕੇ ਸੰਪਰਕ ਹੈ। ਇੱਕ ਚੀਜ਼ ਜਿਹੜੀ ਇਹ ਅੱਜ ਵੀ ਕਰ ਰਹੇ ਹਨ, ਉਹ ਇਹ ਹੈ ਕਿ ਇਹ ਸਦਾ ਮੁਸਕਰਾਉਂਦੇ ਰਹਿੰਦੇ ਹਨ। (ਥੰਪਿੰਗ) ਇਹ ਬੜੇ ਠੰਡੇ ਦਿਮਾਗ ਨਾਲ ਕੰਮ ਕਰਦੇ ਹਨ ਔਰ ਬੜੇ ਪਿਆਰ ਨਾਲ ਆਪਣੀਆਂ ਗੱਲਾਂ ਨੂੰ ਸੁਲਝਾਉਂਦੇ ਹਨ (ਥੰਪਿੰਗ)। ਮੈਨੂੰ ਪੂਰਾ ਭਰੋਸਾ ਹੈ ਕਿ ਤੁਸੀਂ ਸਦਨ ਵਿੱਚ ਜਿਸ ਤਰੀਕੇ ਦਾ ਤੁਹਾਡਾ ਸੁਭਾਅ ਹੈ, ਤੁਸੀਂ ਬੜੇ ਸਕਸੈਸਫੁੱਲ ਰਹੋਗੇ। ਮੈਂ ਅੱਜ ਟਰੇਜ਼ਰੀ ਬੈਂਚਿਜ਼ ਵੱਲੋਂ

ਤੁਹਾਨੂੰ ਵਧਾਈ ਵੀ ਦਿੰਦਾ ਹਾਂ ਔਰ ਇਹ ਵਿਸ਼ਵਾਸ ਰੱਖਦਾ ਹਾਂ ਕਿ ਸਾਰੇ ਟਰੇਜ਼ਰੀ ਬੈਂਚਿਜ਼ ਹਰ ਵੇਲੇ ਤੁਹਾਨੂੰ ਸਮਰਥਨ ਦੇਣਗੇ।(ਥੰਪਿੰਗ)

**ਸਰਦਾਰ ਅਜੀਤ ਸਿੰਘ ਕੋਹਾੜ (ਸ਼ਾਹਕੋਟ) :** ਮਾਨਯੋਗ ਸਪੀਕਰ ਸਾਹਿਬ, ਅੱਜ ਮੈਨੂੰ ਆਪ ਜੀ ਨੂੰ ਸਰਬਸੰਮਤੀ ਨਾਲ ਸਪੀਕਰ ਚੁਣੇ ਜਾਣ ਤੇ ਬਹੁਤ ਖੁਸ਼ੀ ਹੋ ਰਹੀ ਹੈ। ਆਪ ਜੀ ਦਾ ਨਿਮਰਤਾ ਵਾਲਾ ਸੁਭਾਅ, ਕਾਨੂੰਨ ਦੀ ਮੁਹਾਰਤ ਰੱਖਣ ਵਾਲੇ, ਪਹਿਲਾਂ ਸਦਨ ਦੇ ਮੈਂਬਰ ਰਹਿਣ ਕਰਕੇ ਸਦਨ ਦੀ ਕਾਰਵਾਈ ਦਾ ਪੂਰਾ ਗਿਆਨ, ਗੱਲ ਕਿ ਆਪ ਜੀ ਚੰਗੇ ਸਪੀਕਰ ਵਾਲੇ ਸਾਰੇ ਗੁਣਾਂ ਦੇ ਧਾਰਨੀ ਹੋ। ਮੈਨੂੰ ਪੂਰੀ ਆਸ ਹੈ ਕਿ ਆਪ ਜੀ ਸਦਨ ਦੀ ਕਾਰਵਾਈ ਚੰਗੇ ਅਤੇ ਨਿਰਪੱਖ ਢੰਗ ਨਾਲ ਚਲਾਉਗੇ। ਮੈਂ ਆਪਣੀ ਪਾਰਟੀ ਵੱਲੋਂ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਵੱਲੋਂ, ਜਿਹੜੇ ਕਿ ਅੱਜ ਕਿਸੇ ਤਕਲੀਫ ਕਾਰਨ ਆ ਨਹੀਂ ਸਕੇ, ਮੈਂ ਆਪ ਜੀ ਨੂੰ ਬਹੁਤ-ਬਹੁਤ ਸ਼ੁਭ ਕਾਮਨਾਵਾਂ ਦਿੰਦਾ ਹਾਂ ਅਤੇ ਆਪ ਜੀ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਵਧਾਈ ਦਿੰਦਾ ਹਾਂ। (ਥੰਪਿੰਗ)

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.) :** ਸਪੀਕਰ ਸਾਹਿਬ, ਮੈਂ ਤੁਹਾਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ ਕਿ ਤੁਸੀਂ ਸਪੀਕਰ ਦੇ ਅਹੁਦੇ ਤੇ ਬਿਰਾਜਮਾਨ ਹੋਏ ਹੋ। ਮੁੱਖ ਮੰਤਰੀ ਸਾਹਿਬ ਦਾ ਵੀ ਧੰਨਵਾਦ ਹੈ ਕਿ ਉਨ੍ਹਾਂ ਨੇ ਇੱਕ ਬਹੁਤ ਹੀ ਯੋਗ ਵਿਅਕਤੀ ਨੂੰ ਇਸ ਕੁਰਸੀ ਲਈ ਚੁਣਿਆ ਹੈ। ਸਾਡੇ ਵੱਲੋਂ ਤੁਹਾਨੂੰ ਪੂਰਾ ਸਹਿਯੋਗ ਹੋਵੇਗਾ ਅਤੇ ਅਸੀਂ ਆਸ ਕਰਦੇ ਹਾਂ ਕਿ ਅਸੀਂ ਚੰਗੀਆਂ ਪਰੰਪਰਾਵਾਂ ਇਸ ਸਦਨ ਵਿੱਚ ਸੈੱਟ ਕਰੀਏ। ਰੌਲਾ-ਰੱਪਾ ਜਿਵੇਂ ਹੁਣੇ ਹੀ ਸ਼ੁਰੂ ਹੋਇਆ ਸੀ, ਇਹ ਬਹੁਤ ਹੀ ਮੰਦਭਾਗੀ ਗੱਲ ਹੈ, ਇਹ ਚੰਗਾ ਨਹੀਂ ਹੈ। ਜਦੋਂ ਕ੍ਰਿਟੀਸਾਈਜ਼ ਕਰਨਾ ਹੋਵੇ ਤਾਂ ਅਸੀਂ ਉਹ ਵੀ ਕਰੀਏ ਪਰ ਜਦੋਂ ਰਲ ਕੇ ਬੈਠਣਾ ਹੋਵੇ ਤਾਂ ਅਸੀਂ ਰਲ ਕੇ ਵੀ ਬੈਠੀਏ। ਮੇਰੇ ਵੱਲੋਂ ਤੁਹਾਨੂੰ ਬਹੁਤ ਬਹੁਤ ਵਧਾਈ। ਮੈਂ ਆਸ ਕਰਦਾ ਹਾਂ ਕਿ ਤੁਸੀਂ ਆਪੋਜ਼ੀਸ਼ਨ ਨੂੰ ਅਤੇ ਮੈਂਬਰਜ਼ ਨੂੰ ਵਿਸ਼ਵਾਸ ਵਿੱਚ ਲੈ ਕੇ ਸਾਰਿਆਂ ਨੂੰ ਜਿੰਨੇ ਸਮੇਂ ਦੀ ਲੋੜ ਹੋਵੇਗੀ, ਉਹ ਤੁਸੀਂ ਦਿੰਦੇ ਰਹੋਗੇ। ਸਾਡੇ ਵੱਲੋਂ ਤੁਹਾਨੂੰ ਪੂਰੀ ਕੋਆਪਰੇਸ਼ਨ ਹੋਵੇਗੀ। ਬਹੁਤ-ਬਹੁਤ ਵਧਾਈ। (ਥੰਪਿੰਗ)

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) :** ਜਨਾਬ ਸਪੀਕਰ ਸਾਹਿਬ, ਮੈਂ ਇੱਕ ਸ਼ਸ਼ੋਪੰਜ ਵਿੱਚ ਹਾਂ ਕਿ ਮੈਂ ਪਹਿਲਾਂ ਤੁਹਾਨੂੰ ਵਧਾਈ ਪੇਸ਼ ਕਰਾਂ ਜਾਂ ਇਸ ਹਾਊਸ ਨੂੰ, ਜਿਨ੍ਹਾਂ ਨੇ ਇੱਕ ਦਾਨਿਸ਼ਮੰਦ ਫੈਸਲਾ ਲੈ ਕੇ ਤੁਹਾਡੀ ਸਪੀਕਰ ਵਜੋਂ ਚੋਣ ਕਰਵਾਈ ਹੈ । (ਥੰਪਿਗ) ਸੋ, ਮੈਂ ਪਹਿਲਾਂ ਹਾਊਸ ਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਆਪਣੇ ਨੇਕ ਇਰਾਦਿਆਂ ਦਾ ਇਜ਼ਹਾਰ ਕੀਤਾ ਹੈ। ਸੋ, ਸਭ ਤੋਂ ਪਹਿਲਾਂ ਹਾਊਸ ਨੂੰ ਵਧਾਈ ਕਿ ਤੁਸੀਂ ਮੁਤਫਕਾ ਤੌਰ ਤੇ ਸਪੀਕਰ ਚੁਣੇ ਗਏ। ਸਪੀਕਰ ਸਾਹਿਬ, ਮੇਰਾ ਮਾਈਕ ਦੇ ਅੱਗੇ ਖੜ੍ਹਾ ਹੋਣਾ, ਇਹ ਕੋਈ ਤੁਕੱਲਫ ਦਾ ਤਕਾਜ਼ਾ ਨਹੀਂ ਬਲਕਿ ਇੱਕ ਫਰਜ਼ ਦੀ ਅਦਾਇਗੀ ਹੈ। ਮੈਂ ਰਸਮੀ ਤੌਰ ਤੇ ਨਹੀਂ, ਮੈਂ ਜ਼ਾਹਰੀ ਤੌਰ ਤੇ, ਮੈਂ ਦਿਲੀ ਤੌਰ ਤੇ

[ ਵਿੱਤ ਮੰਤਰੀ ]

ਤੁਹਾਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ। ਸਪੀਕਰ ਸਾਹਿਬ, ਤੁਹਾਡੇ ਦਿਲੋ ਦਿਮਾਗ ਦੀਆਂ ਜਿਹੜੀਆਂ ਖੂਬੀਆਂ ਹਨ, ਉਹ ਕਿਸੇ ਤੋਂ ਲੁਕੀਆਂ ਨਹੀਂ ਹਨ। ਤੁਸੀਂ ਪੁਰਾਣੇ ਲੈਜਿਸਲੇਟਰ ਹੋ, ਤਜਰਬੇਕਾਰ ਸਿਆਸਤਦਾਨ ਹੋ, ਤਜਰਬੇਦਾਰ ਕਾਨੂੰਨਦਾਨ ਵੀ ਹੋ। ਆਪ ਨੇ ਆਲਾ ਤਾਲੀਮ ਹਾਸਲ ਕੀਤੀ ਹੈ। ਆਪ ਨੇ ਗਰੀਬਾਂ ਦੀ ਭਲਾਈ ਵਿੱਚ ਬੜੀਆਂ ਤਕਲੀਫਾਂ ਵੀ ਬਰਦਾਸ਼ਤ ਕੀਤੀਆਂ ਹਨ, ਇਸ ਗੱਲ ਦਾ ਸਾਨੂੰ ਪਤਾ ਹੈ। ਇਹ ਗੱਲ ਨਹੀਂ ਕਿ ਸਿਰਫ ਮੈਂ ਹੀ ਕਹਿ ਰਿਹਾ ਹਾਂ, ਇਹ ਪੰਜਾਬ ਦੇ ਲੋਕਾਂ ਦੇ ਜ਼ਬਾਨ ਜ਼ਦੇ ਆਮ ਹੈ। ਤੁਹਾਡਾ ਆਲਾ ਇਖਲਾਕ, ਤੁਹਾਡਾ ਉੱਚਾ ਕਿਰਦਾਰ, ਤੁਹਾਡੀ ਇਮਾਨਦਾਰੀ, ਤੁਹਾਡੀ ਦਿਆਨਤਦਾਰੀ, ਤੁਹਾਡੀ ਪੰਜਾਬੀਆਤ, ਤੁਹਾਡੀ ਹਿੰਦੁਸਤਾਨੀਆਤ, ਇਸ ਤੇ ਪੰਜਾਬ ਦੇ ਕਿਸੇ ਬੰਦੇ ਨੂੰ ਕੋਈ ਸ਼ੱਕ-ਸ਼ੁਬਾ ਨਹੀਂ ਹੈ। ਸਪੀਕਰ ਸਾਹਿਬ, ਪਿਛਲੇ 70 ਸਾਲਾਂ ਵਿੱਚ ਇਸ ਹਾਊਸ ਨੇ ਬੜੀਆਂ ਸ਼ਾਨਦਾਰ ਰਵਾਇਤਾਂ ਵੀ ਕਾਇਮ ਕੀਤੀਆਂ ਹਨ ਔਰ ਇਹ ਸ਼ਾਨਦਾਰ ਰਵਾਇਤਾਂ ਕਾਇਮ ਕਰਨ ਵਿੱਚ ਜੋ ਆਪ ਤੋਂ ਪਹਿਲਾਂ ਪੰਜਾਬ ਅਸੈਂਬਲੀ ਦੇ ਸਪੀਕਰ ਰਹਿ ਚੁੱਕੇ ਹਨ ਅਤੇ ਜੇ ਮੈਂ ਕਹਾਂ ਕਿ ਬਹੁਤ ਵੱਡੀਆਂ-ਵੱਡੀਆਂ ਸ਼ਖਸੀਅਤਾਂ, ਜਿਨ੍ਹਾਂ ਵਿੱਚ ਫਰੀਡਮ ਫਾਈਟਰ ਰਹੇ, ਸੱਤਪਾਲ ਜੀ ਰਹੇ, ਸਰਦਾਰ ਗੁਰਦਿਆਲ ਸਿੰਘ ਢਿੱਲੋਂ ਸਪੀਕਰ ਰਹੇ, ਪ੍ਰਬੋਧ ਚੰਦਰ ਜੀ ਸਪੀਕਰ ਰਹੇ, ਡਾਕਟਰ ਕੇਵਲ ਕ੍ਰਿਸ਼ਨ ਸਪੀਕਰ ਰਹੇ, ਰਵੀਇੰਦਰ ਸਾਹਿਬ ਸਪੀਕਰ ਰਹੇ ਔਰ ਇਸ ਹਾਊਸ ਦੀਆਂ ਬੜੀਆਂ ਸ਼ਾਨਦਾਰ ਰਵਾਇਤਾਂ ਵਿੱਚ ਉਨ੍ਹਾਂ ਦਾ ਤਜਰਬਾ ਵੀ ਸ਼ਾਮਲ ਹੈ। ਮੈਨੂੰ ਇਸ ਗੱਲ ਦੀ ਉਮੀਦ ਹੈ, ਉਮੀਦ ਨਹੀਂ ਯਕੀਨ ਹੈ ਕਿ ਤੁਸੀਂ ਇਨ੍ਹਾਂ ਰਵਾਇਤਾਂ ਨੂੰ ਦੁਗਾਲਾ ਨਹੀਂ, ਚੁਬਾਲਾ ਕਰੋਗੇ। ਇਸ ਨੂੰ ਚਾਰ ਚੰਦ ਲਗਾਉਗੇ।

ਸਪੀਕਰ ਸਾਹਿਬ, ਮੇਰੀ ਇੱਕ ਛੋਟੀ ਜਿਹੀ ਹਸਰਤ ਹੈ ਅਤੇ ਹਸਰਤ ਇਕੱਲੀ ਮੇਰੀ ਨਹੀਂ, ਤਮਾਮ ਪੰਜਾਬੀਆਂ ਦੀ ਹੈ। ਕਿਸੇ ਪੰਜਾਬੀ ਦੇ ਕਵੀ ਨੇ ਲਿਖਿਆ ਹੈ ਕਿ: -

ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈਓ
ਦੇਸਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ (ਥੰਪਿੰਗ)

ਸੋ, ਇੱਕ ਹਸਰਤ ਹੈ ਕਿ ਪੰਜਾਬ ਹਰ ਲਿਹਾਜ਼ ਨਾਲ ਹਿੰਦੁਸਤਾਨ ਦੇ ਮੱਥੇ ਦਾ ਚੰਦ ਬਣੇ। ਜਿੰਨੇ ਵੀ ਸੂਬੇ ਹਨ, ਪੰਜਾਬ ਉਨ੍ਹਾਂ ਸੂਬਿਆਂ ਦੇ ਸਹਿਰੇ ਫਰਿਸ਼ਤ ਸੂਬਾ ਹੋਵੇ ਤੇ ਜੇ ਪੰਜਾਬ ਨੇ ਹਿੰਦੁਸਤਾਨ ਦੇ ਮੱਥੇ ਦਾ ਚੰਨ ਬਣਨਾ ਹੈ ਤਾਂ ਪੰਜਾਬ ਦੀ ਅਸੈਂਬਲੀ ਨੂੰ ਹਿੰਦੁਸਤਾਨ ਵਿੱਚ ਸਭ ਤੋਂ ਵਧੀਆ ਬਣਾਉਣਾ ਪਵੇਗਾ ਤਾਂ ਹੀ ਪੰਜਾਬ ਦੀ ਖੁਸ਼ਬੂ ਸਾਰੇ ਹਿੰਦੁਸਤਾਨ ਵਿੱਚ ਜਾਏ ਗੀ। ਮੈਂ ਬੜੇ ਸਾਲ ਇਸ ਹਾਊਸ ਦਾ ਮੈਂਬਰ ਰਿਹਾ ਹਾਂ ਔਰ ਸਾਲ 1937 ਤੋਂ ਲੈ ਕੇ ਅੱਜ ਤੱਕ ਦੀਆਂ ਜਿਹੜੀਆਂ ਪੰਜਾਬ ਅਸੈਂਬਲੀ ਦੀਆਂ ਡਿਬੇਟਸ ਹਨ, ਉਹ ਵੀ ਮੈਨੂੰ ਪੜ੍ਹਨ ਦਾ ਸ਼ਰਫ ਹਾਸਲ ਹੋਇਆ ਹੈ। ਸਪੀਕਰ ਸਾਹਿਬ, ਮੈਂ ਥੋੜ੍ਹੇ ਦੁਖੀ ਮਨ ਨਾਲ, ਬੁਝੇ ਮਨ ਨਾਲ ਕਹਿੰਦਾ ਹਾਂ ਕਿ ਪਿਛਲੇ 70 ਸਾਲਾਂ ਵਿੱਚ ਪੰਜਾਬ ਅਸੈਂਬਲੀ ਦੀ ਡਿਬੇਟ ਦਾ ਜਿਹੜਾ

ਮਿਆਰ ਹੈ, ਉਸ ਵਿੱਚ ਬਹੁਤ ਗਿਰਾਵਟ ਆ ਚੁੱਕੀ ਹੈ। ਅੱਜ ਤੋਂ 70 ਸਾਲ ਪਹਿਲਾਂ ਵੀ ਜਦੋਂ ਸ਼ਿਮਲੇ ਵਿੱਚ ਪੰਜਾਬ ਅਸੈਂਬਲੀ ਚਲਦੀ ਸੀ ਤਾਂ ਜਿਹੜੇ ਨਵੇਂ ਮੈਂਬਰ ਚੁਣ ਕੇ ਆਉਂਦੇ ਸੀ ਤਾਂ ਉਨ੍ਹਾਂ ਤੇ ਇੱਕ ਸੁਪਰਡੰਟ ਦੁਆਰਾ ਨਵੇਂ ਮੈਂਬਰਾਂ ਦੀਆਂ ਕਲਾਸਾਂ ਲੱਗਦੀਆਂ ਸਨ ਕਿਉਂਕਿ ਬਜਟ ਦੀਆਂ ਪੇਚੀਦਗੀਆਂ ਹੁੰਦੀਆਂ ਹਨ। ਇਸ ਦੇ ਉੱਪਰ ਜਦੋਂ ਬੋਲਣਾ ਹੈ ਤਾਂ ਇੱਕ ਰੂਲਜ਼ ਆਫ ਪ੍ਰੋਸੀਜਰ ਹੁੰਦਾ ਹੈ, ਹਾਊਸ ਦੇ ਕਨਵੈਨਸ਼ਨਜ਼ ਹੁੰਦੇ ਹਨ, ਇਹ ਕੋਈ ਪੁਲੀਟੀਕਲ ਪਲੇਟਫਾਰਮ ਨਹੀਂ ਕਿ ਜਿੱਥੇ ਜੀਅ ਕਰਦਾ ਹੈ ਬੋਲ ਪਏ, Constitution ਨੂੰ ਸਾਹਮਣੇ ਰੱਖਣਾ ਪੈਂਦਾ ਹੈ। ਸੋ, ਸਪੀਕਰ ਸਾਹਿਬ, ਤੁਹਾਡੀ ਜ਼ਹਿਰੇ ਕਿਆਦਤ ਆਪਾਂ ਪੰਜਾਬ ਨੂੰ ਉੱਪਰ ਲੈ ਕੇ ਜਾਣਾ ਹੈ।ਸਪੀਕਰ ਸਾਹਿਬ, ਮੇਰਾ ਇਹ ਵੀ ਤਲਖ, ਮੇਰਾ ਇਹ ਵੀ ਤਜਰਬਾ ਹੈ ਕਿ ਜਿਹੜਾ ਹਾਊਸ ਦਾ ਕਮੇਟੀ ਸਿਸਟਮ ਹੈ, ਇਹ ਸਿਰਫ ਹਾਜ਼ਰੀ ਲਾਉਣ ਦਾ ਸਾਧਨ ਬਣ ਚੁੱਕਾ ਹੈ ਪਰ ਜਿਹੜੇ ਨਵੇਂ ਚੁਣ ਕੇ ਮੈਂਬਰ ਆਏ ਹਨ, ਕਿਸੇ ਦਿਨ ਪੰਜਾਬ ਦਾ ਬੋਝ ਇਨ੍ਹਾਂ ਦੇ ਮੋਢਿਆਂ ਤੇ ਪੈਣਾ ਹੈ ਔਰ this is the right time for them to learn how to run the Govt. ਸਪੀਕਰ ਸਾਹਿਬ, ਕਮੇਟੀ ਸਿਸਟਮ ਵਿੱਚ ਬੜਾ ਬੈਕਲਾਗ ਪਿਆ ਹੈ, ਖਾਸ ਕਰਕੇ ਪੀ.ਏ.ਸੀ. ਦਾ ਬੈਕਲਾਗ ਬੜਾ ਪਿਆ ਹੈ। ਉਸ ਤੋਂ ਇਲਾਵਾ ਸਪੀਕਰ ਸਾਹਿਬ, ਇੱਕ ਡਿਬੇਟ ਬੜੇ ਲੰਮੇ ਅਰਸੇ ਤੋਂ ਚਲੀ ਜਾਂਦੀ ਹੈ ਕਿ ਜਿਹੜਾ Executive ਹੈ, Executive has to be accountable to the legislature. ਪਿਛਲੇ 40-50 ਸਾਲਾਂ ਤੋਂ Executive ਇਸ ਗੱਲ ਵਿੱਚ ਕਾਮਯਾਬ ਹੋ ਗਿਆ ਕਿ ਇਹ ਲੇਜਿਸਲੇਚਰ ਨੂੰ ਆਨਸਰੇਬਲ ਨਹੀਂ ਹੈ ਔਰ ਲੇਜਿਸਲੇਚਰ ਦੀ ਸ਼ਾਨ, ਰੁਤਬਾ, majesty of the legislature ਇਹ ਬਹਾਲ ਕਰਨਾ ਹੈ, ਇਸ ਵਿੱਚ ਵੀ ਜਨਾਬ ਦਾ ਬੜਾ ਅਹਿਮ ਕਿਰਦਾਰ ਹੋਵੇਗਾ। ਪੀਰ ਵਾਰਿਸ ਸ਼ਾਹ ਪੰਜਾਬੀ ਦੇ ਇੱਕ ਬੜੇ ਵੱਡੇ ਸ਼ਾਇਰ ਹੋਏ ਹਨ। ਪੀਰ ਵਾਰਿਸ ਸ਼ਾਹ ਲਿਖਦਾ ਹੈ ਕਿ -

ਵਾਰਿਸ ਸ਼ਾਹ ਦਾ ਬੋਲਣਾ ਭੇਤ ਅੰਦਰ, ਦਾਨਿਸ਼ਮੰਦ ਨੂੰ ਗੌਰ ਜ਼ਰੂਰੀ ਹੈ ।

ਦੂਜੇ ਦੀ ਗੱਲ ਦਾ ਗੌਰ ਕਰਨਾ ਬਹੁਤ ਜ਼ਰੂਰੀ ਹੈ ਪਰ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ you are the custodian of the dignity of this House and Privileges of the Members of this House. ਤੁਹਾਡੇ ਹੱਥਾਂ ਵਿੱਚ ਇਹ ਜਮਹੂਰੀਅਤ ਦੀ ਵਾਗਡੋਰ ਹੈ। ਮੈਨੂੰ ਤੁਹਾਡੇ ਤੋਂ ਆਸ ਵੀ, ਉਮੀਦ ਵੀ ਤੇ ਯਕੀਨ ਵੀ ਹੈ ਕਿ ਟਰੇਜ਼ਰੀ ਬੈਂਚਿਜ਼ ਨਾਲੋਂ ਵੀ ਤਰਜੀਹ ਆਪੋਜ਼ੀਸ਼ਨ ਨੂੰ ਦੇਣੀ ਹੈ ਕਿਉਂਕਿ ਇਹ ਜਮਹੂਰੀਅਤ ਦਾ ਤਕਾਜ਼ਾ ਹੈ ਔਰ ਤੁਹਾਡਾ ਬੜਾ ਵਿਸ਼ਾਲ ਦਿਲ ਵੀ ਹੈ। ਜਮਹੂਰੀਅਤ ਦੇ ਦੋ ਪਹੀਏ ਹਨ-ਇੱਕ ਟਰੇਜ਼ਰੀ ਬੈਂਚਿਜ਼ ਤੇ ਦੂਜਾ ਆਪੋਜ਼ੀਸ਼ਨ। ਜਦੋਂ ਦੋਵੇਂ ਚੱਲਣਗੇ ਤਾਂ ਹੀ ਡੈਮੋਕਰੇਸੀ ਸੁਥਰੇ ਢੰਗ ਨਾਲ ਚੱਲੇਗੀ। ਮੇਰੇ ਤੋਂ ਪਹਿਲਾਂ ਬੋਲਦਿਆਂ ਲੀਡਰ ਆਫ ਦਿ ਹਾਊਸ, ਕੈਪਟਨ ਅਮਰਿੰਦਰ ਸਿੰਘ ਸਾਹਿਬ, ਜਿਨ੍ਹਾਂ ਦੀ ਸਰਕਾਰ ਇੱਕ ਆਵਾਮ ਦੀ ਕਚਹਿਰੀ ਤੋਂ ਸੁਰਖਰੂ ਹੋ ਕੇ ਅੱਜ ਇਸ

[ ਵਿੱਤ ਮੰਤਰੀ ]

ਹਾਊਸ ਵਿੱਚ ਆਈ ਹੈ, ਅਸੀਂ ਸਾਰੇ ਆਏ ਹਾਂ ਔਰ ਆਪ ਨੇ ਵੀ ਫੁਰਮਾਇਆ ਕਿ ਕਾਇਨਾਤ ਤੇ ਇਨਸਾਨੀ ਦੇ ਸਭ ਤੋਂ ਵੱਡੇ ਹਮਦਰਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸ਼ਫਕਤ ਤੁਹਾਡੇ ਪਰਿਵਾਰ ਤੇ ਹੋਈ ਹੈ, ਉਨ੍ਹਾਂ ਦਾ ਬਹੁਤ ਵੱਡਾ ਕਰਮ ਤੁਹਾਡੇ ਖਾਨਦਾਨ ਤੇ ਹੋਇਆ ਹੈ ਔਰ ਜਿਹੜੇ ਤੁਸੀਂ ਇੰਨੇ ਵੱਡੇ ਅਹੁਦੇ ਤੇ ਪਹੁੰਚੇ ਹੋ ਤਾਂ ਮੈਂ ਸਮਝਦਾ ਹਾਂ ਕਿ ਇਹ ਵੀ ਉਸ ਕਰਮ ਦਾ ਹਿੱਸਾ ਹੈ ਤੇ ਜਿਸ ਗੁਰੂ ਨੇ ਤੁਹਾਨੂੰ ਇਸ ਦੇਸ਼ ਦੀ ਸੇਵਾ ਕਰਨ ਦਾ ਸ਼ੌਕ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਉਹ ਗੁਰੂ ਹੁਣ ਤੁਹਾਨੂੰ ਇਹ ਸ਼ੌਕ ਪੂਰਾ ਕਰਨ ਦਾ ਤਰੀਕਾ ਤੇ ਸਲੀਕਾ ਵੀ ਦੇਵੇਗਾ। ਸਪੀਕਰ ਸਾਹਿਬ, ਤਿੰਨ ਦਿਨ ਪਹਿਲਾਂ ਸ਼ਹੀਦ-ਏ -ਆਜ਼ਮ ਭਗਤ ਸਿੰਘ ਦੀ ਯੌਮੇ ਸ਼ਹਾਦਤ ਸੀ । ਆਪਾਂ ਸਾਰਿਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇੱਕ ਲੈਫਟੀਨੈਂਟ ਜਨਰਲ ਵੈਸਟਰਨ ਕਮਾਂਡ ਦੇ ਸੀ, ਐਚ.ਬੀ.ਕਾਹਲਾ, ਇਹ ਗੱਲ ਉਨ੍ਹਾਂ ਨੇ ਮੈਨੂੰ ਦੱਸੀ। ਉਨ੍ਹਾਂ ਦੇ ਜਿਹੜੇ ਪਿਤਾ ਜੀ ਸਨ, ਉਹ ਲਾਹੌਰ ਵਿੱਚ ਹੁੰਦੇ ਸਨ ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜਿਹੜੀ ਕਾਲ ਕੋਠੜੀ ਸੀ, ਜਦੋਂ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਕਾਲੇ ਕੋਲੇ ਨਾਲ ਇੱਕ ਉਹ ਉਰਦੂ ਵਿੱਚ ਸ਼ੇਅਰ ਲਿਖ ਕੇ ਗਏ ਸੀ ਤੇ ਉਹ ਮੈਂ ਇਸ ਹਾਊਸ ਦੀ ਨਜ਼ਰ ਕਰਦਾ ਹਾਂ। ਉਨ੍ਹਾਂ ਨੇ ਲਿਖਿਆ ਹੈ ਕਿ-

ਜਬ ਲਿਖੋ ਤਕਦੀਰ ਇਸ ਗੁਲਸ਼ਨ ਕੀ,
ਯਹ ਲਿਖਨਾ ਨਾ ਭੂਲਨਾ, ਲੁਟਾਇਆ ਹੈ ਹਮਨੇ ਭੀ ਆਸ਼ਿਆਨਾ ਅਪਨਾ।

ਬੜੇ ਹੀ ਆਸ਼ਿਆਨੇ ਲੁੱਟੇ ਗਏ। ਫੇਰ ਕਿਧਰੇ ਜਾ ਕੇ ਮਨਪ੍ਰੀਤ ਸਿੰਘ ਵਰਗੇ ਲੋਕ ਲੀਡਰ ਬਣੇ, ਵਜ਼ੀਰ ਬਣੇ। ਅੱਜ ਮੈਂ ਸਮਝਦਾ ਹਾਂ ਕਿ ਤਰੱਕੀ ਤੇ ਖੁਸ਼ਹਾਲੀ ਅੱਜ ਪੰਜਾਬ ਨੂੰ ਅਵਾਜ਼ ਦੇ ਰਹੀ ਹੈ ਬਸ਼ਰਤੇ ਇਸ ਗੱਲ ਦੇ ਕਿ ਅਸੀਂ ਜਿੰਨੇ ਇਥੇ ਮੈਂਬਰ ਬੈਠੇ ਹਾਂ, 117 ਦੇ 117 ਸਿਰ ਨਾਲ ਸਿਰ ਜੋੜੀਏ, ਹੱਥਾਂ ਨਾਲ ਹੱਥ ਜੋੜੀਏ ਅਤੇ ਰਲ-ਮਿਲ ਕੇ ਇਸ ਹਾਊਸ ਨੂੰ ਅਤੇ ਪੰਜਾਬ ਨੂੰ ਬਿਹਤਰ ਲੀਹਾਂ ਤੇ ਚਲਾ ਸਕੀਏ। ਜਨਾਬ-ਏ-ਸਪੀਕਰ, ਮੈਂ ਜ਼ਿਆਦਾ ਸਮਾਂ ਲੈ ਗਿਆ ਹਾਂ, ਮੈਨੂੰ ਇਸ ਗੱਲ ਦਾ ਅਹਿਸਾਸ ਹੈ। ਜੇਕਰ ਮੈਂ ਕੋਈ ਐਸੀ ਗੱਲ ਕਰ ਦਿੱਤੀ ਹੋਵੇ ਜਿਹੜੀ ਮੇਰੀ ਔਕਾਤ ਅਤੇ ਹੈਸੀਅਤ ਤੋਂ ਵੱਧ ਹੋਵੇ, ਮੈਂ ਉਸ ਗੱਲ ਦੀ ਮੁਆਫੀ ਮੰਗਦਾ ਹਾਂ। ਸਪੀਕਰ ਸਾਹਿਬ, ਅਖੀਰ ਵਿਚ ਮੈਂ ਇਹ ਗੱਲ ਕਹਾਂਗਾ ਕਿ ਮੈਂ ਫ਼ਖਰ ਮਹਿਸੂਸ ਕਰਦਾ ਹਾਂ ਕਿ ਮੈਂ ਉਸ ਹਾਊਸ ਦਾ ਮੈਂਬਰ ਹਾਂ, ਜਿਸ ਹਾਊਸ ਦੀ ਤੁਸੀਂ ਸਦਾਰਤ ਕਰਦੇ ਹੋ। ਮੈਨੂੰ ਇਸ ਗੱਲ ਦਾ ਬਹੁਤ ਜ਼ਿਆਦਾ ਫ਼ਖਰ ਹੈ। ਮੈਂ ਫਿਰ ਇਹ ਗੱਲ ਕਹਿੰਦਾ ਹਾਂ ਕਿ ਅਸੀਂ 117 ਮੈਂਬਰ ਹਾਂ, ਡਾਕਟਰ ਅਲਾਮਾ ਇਕਬਾਲ ਬੜਾ ਖੂਬਸੂਰਤ ਲਿਖਦੇ ਹਨ ਕਿ :

ਇਸ ਸੁਰਖ ਸੂਰਜ ਸੇ ਕਹਿ ਦੋ ਕਿ ਅਪਨੀ ਕਿਰਨੋਂ ਕੋ ਗਿਣ ਗਿਣ ਕੇ ਰੱਖ ਲੇ,
ਮੈਂ ਆਪਣੇ ਸਹਿਰਾ ਕੇ ਜ਼ਰੇ ਜ਼ਰੇ ਕੋ ਖੁਦ ਚਮਕਨਾ ਸਿਖਾ ਰਹਾ ਹੂੰ।

ਸਹਿਰਾ ਰੇਗਿਸਤਾਨ ਨੂੰ ਕਹਿੰਦੇ ਹਨ । ਸੁਰਖ ਲਾਲ ਨੂੰ ਕਹਿੰਦੇ ਹਨ। ਮੈਂ ਤਮਾਮ

ਪੰਜਾਬੀਆਂ ਨੂੰ ਅਤੇ ਖਾਸ ਕਰਕੇ ਹਾਊਸ ਦੇ ਮੈਂਬਰਾਂ ਨੂੰ ਕਹਿੰਦਾ ਹਾਂ ਕਿ ਸਾਨੂੰ ਸੂਰਜ ਦੀ ਲੋੜ ਨਹੀਂ । ਅਸੀਂ ਆਪਣੇ ਸਹਿਰਾ ਦੇ ਜ਼ਰੇ ਜ਼ਰੇ ਨੂੰ ਚਮਕਣਾ ਸਿਖਾ ਦਿਆਂਗੇ ।

ਮੇਰੇ ਇਰਾਦੇ ਕਰੇਂਗੇ ਫਿਤਰਤ ਪਰ ਹੁਕਮਰਾਨੀ,

ਭਾਵ ਮੈਂ ਆਪਣੀ ਵਿੱਲ ਪਾਵਰ ਨਾਲ, I will control the nature,

ਮੇਰੇ ਇਰਾਦੇ ਕਰੇਂਗੇ ਫਿਤਰਤ ਪਰ ਹੁਕਮਰਾਨੀ,

ਜਹਾਂ ਫਰਿਸ਼ਤੋਂ ਕੇ ਪਰ ਹੈਂ ਲਜ਼ਗਾ, ਮੈਂ ਉਸ ਬੁਲੰਦੀ ਪੇ ਜਾ ਰਹਾ ਹੂੰ।

ਸਪੀਕਰ ਸਾਹਿਬ, ਜਿਥੇ ਫਰਿਸ਼ਤਿਆਂ ਦੇ ਪਰ ਲੱਗੇ ਹੁੰਦੇ ਹਨ, ਜਿਥੇ ਫਰਿਸ਼ਤੇ ਵੀ ਨਹੀਂ ਪਹੁੰਚ ਸਕਦੇ, ਅਸੀਂ ਉਥੇ ਪੰਜਾਬ ਨੂੰ ਲੈ ਕੇ ਜਾਣਾ ਹੈ। ਜ਼ੇਰੇ ਕਿਆਦਤ, ਬਹੁਤ ਬਹੁਤ ਧੰਨਵਾਦ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਮੈਂ ਇਸ ਸੈਸ਼ਨ ਵਿਚ ਪਹਿਲੀ ਵਾਰ ਖੜ੍ਹਾ ਹੋਇਆ ਹਾਂ। ਸਭ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਦਾ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਇਕ ਯੋਗ ਪ੍ਰਸ਼ਾਸਕ, ਦਲੇਰ ਅਤੇ ਅਗਾਂਹਵਧੂ ਲੀਡਰ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਵਿੱਚ ਸਾਨੂੰ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਤੁਸੀਂ ਮੇਰੇ ਜ਼ਿਲ੍ਹੇ ਨਾਲ ਸਬੰਧਿਤ ਹੋ। ਮੈਂ ਆਪਣੇ ਜ਼ਿਲ੍ਹੇ ਵੱਲੋਂ ਤੁਹਾਨੂੰ ਮੁਬਾਰਕ ਦਿੰਦਾ ਹਾਂ। ਮੈਂ ਕੈਪਟਨ ਅਮਰਿੰਦਰ ਸਿੰਘ ਜੀ, ਮੁੱਖ ਮੰਤਰੀ, ਪੰਜਾਬ ਦਾ ਵੀ ਧੰਨਵਾਦ ਕਰਨ ਲਈ ਖੜ੍ਹਾ ਹੋਇਆ ਹਾਂ। ਤੁਹਾਡੇ ਰੂਪ ਵਿਚ ਇਕ ਬਹੁਤ ਹੀ ਯੋਗ ਵਿਅਕਤੀ ਨੂੰ ਸਪੀਕਰ ਦੀ ਕੁਰਸੀ ਤੇ ਬਿਠਾਇਆ ਗਿਆ ਹੈ। ਮੈਂ ਤੁਹਾਡਾ ਕੰਮ ਵੀ ਵੇਖਿਆ ਹੈ ਅਤੇ ਤੁਹਾਡੇ ਨਾਲ ਕੰਮ ਵੀ ਕੀਤਾ ਹੈ। ਜਿਵੇਂ ਪਾਤਰ ਜੀ ਨੇ ਕਿਹਾ ਹੈ ਕਿ :

ਮੈਂ ਰਾਹਾਂ ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ ਹਨ ।

ਮੈਂ ਤੁਹਾਨੂੰ ਅੱਤਵਾਦ ਦੇ ਦਿਨਾਂ ਵਿਚ ਵੀ ਯੂਥ ਕਾਂਗਰਸ ਦੀ ਪ੍ਰਧਾਨਗੀ ਦੇ ਝੰਡੇ ਨੂੰ ਜ਼ਿਲ੍ਹੇ ਵਿਚ ਬੁਲੰਦ ਕਰਦੇ ਵੇਖਿਆ ਹੈ। ਮੈਂ ਤੁਹਾਨੂੰ ਗਰੀਬਾਂ ਦੇ ਨਾਲ ਜ਼ਿਲ੍ਹੇ ਵਿਚ ਉਨ੍ਹਾਂ ਦੀਆਂ ਮੁਸੀਬਤਾਂ ਦਾ ਹੱਲ ਕਰਦੇ ਵੇਖਿਆ ਹੈ। ਤੁਸੀਂ ਇਕ ਯੋਗ ਪ੍ਰਸ਼ਾਸਕ ਹੋ, ਅਗਾਂਹਵਧੂ ਲੀਡਰ ਹੋ, ਨਿਰਪੱਖ ਜਰਨੈਲ ਹੋ ਅਤੇ ਤੁਹਾਡਾ ਇਸ ਸੀਟ ਉਤੇ ਬੈਠਣਾ ਸਾਰੇ ਜ਼ਿਲ੍ਹੇ ਵਾਸਤੇ ਬੜੀ ਮਾਣ ਵਾਲੀ ਗੱਲ ਹੈ। ਮੈਂ ਤੁਹਾਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ ਅਤੇ ਨਾਲ ਹੀ ਸਦਨ ਦਾ ਵੀ ਧੰਨਵਾਦ ਕਰਦਾ ਹਾਂ ਜਿਸ ਨੇ ਤੁਹਾਡੇ ਵਰਗੇ ਯੋਗ ਵਿਅਕਤੀ ਨੂੰ ਇਹ ਮਾਣ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇਕ ਮਿੰਟ ਲਈ ਕਹਿਣਾ ਚਾਹੁੰਦਾ ਹਾਂ ਕਿ ਜੋ ਅੱਜ ਰਵੱਈਆ ਆਪੋਜ਼ੀਸ਼ਨ ਨੇ ਅਖਤਿਆਰ ਕੀਤਾ ਹੈ, ਖਾਸ ਕਰਕੇ ਆਮ ਆਦਮੀ ਪਾਰਟੀ ਦੇ ਲੀਡਰਾਂ ਨੇ, ਉਸ ਬਾਰੇ ਵੀ ਚਿੰਤਾ ਜ਼ਾਹਰ ਕਰਨਾ ਚਾਹੁੰਦਾ ਹਾਂ। ਪੰਜਾਬੀ ਦੀ ਇਕ ਕਹਾਵਤ ਹੈ:

ਪੂਣੀ ਅਜੇ ਇਕ ਨਹੀਂ ਕੱਤੀ, ਟੁੱਟ ਪੈਣੇ ਨੇ ਚੁਰਾਸੀ ਗੇੜੇ ਮਾਰੇ। (ਹਾਸਾ)

[ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ]

ਤੁਸੀਂ ਵੇਖੋ, ਅਜੇ ਤਾਂ ਕੋਈ ਗੱਲ ਨਹੀਂ ਹੋਈ। ਇਨ੍ਹਾਂ ਤੋਂ ਕੀ ਲੋਕ ਚਾਹੁਣਗੇ ਅਤੇ ਕੀ ਲੋਕ ਚਾਹੁੰਦੇ ਸੀ ? ਲੋਕ ਤਾਂ ਬੜੀ ਛੇਤੀ ਹੀ ਇਨ੍ਹਾਂ ਨੂੰ ਸਮਝ ਗਏ ਹਨ। ਜੇਕਰ ਇਹ ਕਿਤੇ ਇਧਰ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਆ ਕੇ ਬੈਠਦੇ ਤਾਂ ਇਹ ਕੀ ਕਰਦੇ। ਫੂਲਕਾ ਸਾਹਿਬ ਨੂੰ ਪਤਾ ਹੈ ਕਿ ਉਹ ਵਕੀਲ ਰਹੇ ਹਨ, ਯੋਗ ਰਹੇ ਹਨ ਜਾਂ ਨਹੀਂ ਰਹੇ, ਪੰਜਾਬ ਨੂੰ ਪਿਛਲੇ ਕਿੰਨੇ ਸਾਲਾਂ ਤੋਂ ਇਨਸਾਫ ਨਹੀਂ ਲੈ ਕੇ ਦੇ ਸਕੇ, ਇਹ ਵੱਖਰੀ ਗੱਲ ਹੈ। ਲੇਕਿਨ ਉਨ੍ਹਾਂ ਨੂੰ ਪਤਾ ਹੈ ਕਿ ਬਹਿਸ ਹੋਣੀ ਹੈ ਅਤੇ ਉਨ੍ਹਾਂ ਨੂੰ ਬਹਿਸ ਮਿਲੇਗੀ। ਅੱਗੇ ਵੀ ਹੁੰਦਾ ਆਇਆ ਹੈ, ਇਹ ਪ੍ਰਥਾ ਹੈ ਕਿ ਬਹਿਸ ਡੈਫਰ ਹੋਈ ਹੈ। ਲੇਕਿਨ ਬਿਨਾਂ ਮਤਲਬ ਤੋਂ ਰੌਲਾ ਪਾਈ ਜਾਣਾ, ਇਹ ਠੀਕ ਨਹੀਂ ਹੈ । ਕੋਈ ਪ੍ਰਥਾ ਨਹੀਂ ਦੇਖੀ । ਕੋਈ ਸੰਸਕਾਰ ਨਹੀਂ ਦੇਖੇ । ਕੋਈ ਨਿਯਮ ਨਹੀਂ ਦੇਖੇ । ਅੱਜ ਤੁਹਾਡੀ ਚੋਣ ਹੋਣੀ ਸੀ । ਉਨ੍ਹਾਂ ਨੂੰ ਇਸ ਵਿੱਚ ਹਿੱਸਾ ਲੈਣਾ ਚਾਹੀਦਾ ਸੀ । ਸੋ, ਮੈਂ ਇਨ੍ਹਾਂ (ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਵੱਲ ਇਸ਼ਾਰਾ) ਵੀਰਾਂ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਦੇ ਮਾਹੌਲ ਨੂੰ, ਅੱਜ ਪੰਜਾਬ ਦੀ ਸਥਿਤੀ ਨੂੰ ਦੇਖਦੇ ਹੋਏ ਇਸ ਸਰਕਾਰ ਨੂੰ ਕੋਆਪ੍ਰੇਟ ਕਰਦੇ ਤੇ ਪੰਜਾਬ ਨੂੰ ਅਗਾਂਹ ਵਧਾਉਣ ਦੀ ਗੱਲ ਕਰਦੇ । ਇਹ ਪਹਿਲਾਂ ਹੀ ਕਹਿੰਦੇ ਸੀ ਕਿ ਸਾਨੂੰ ਨਾ ਤਾਂ ਤਨਖਾਹਾਂ ਚਾਹੀਦੀਆਂ ਹਨ । ਇਨ੍ਹਾਂ ਨੇ ਲੁਧਿਆਣੇ ਤੋਂ ਸਾਈਕਲ ਯਾਤਰਾ ਵੀ ਕੱਢੀ ਕਿ ਐਮ.ਐਲ.ਏਜ਼ ਤਨਖਾਹਾਂ ਬਹੁਤ ਲੈਂਦੇ ਹਨ । ਮੈਂ ਰੋਜ਼ ਅਖਬਾਰਾਂ ਵਿੱਚ ਦੇਖਦਾ ਹਾਂ । ਰੋਜ਼ ਅਖਬਾਰਾਂ ਵਿੱਚ ਆ ਰਿਹਾ ਹੈ ਕਿ ਮੈਨੂੰ ਇਹ ਕੋਠੀ ਨਹੀਂ ਚਾਹੀਦੀ, ਇਹ ਕੋਠੀ ਚਾਹੀਦੀ ਸੀ । ਕੀ ਇਹ ਆਮ ਆਦਮੀ ਪਾਰਟੀ ਦੇ ਉਹ ਆਦਰਸ਼ ਹਨ ਜਿਨ੍ਹਾਂ ਦੀ ਇਹ ਗੱਲ ਕਰਦੇ ਸਨ ? ਅੱਜ ਮੈਂ ਇਸ ਗੱਲ ਵਿੱਚ ਜ਼ਿਆਦਾ ਨਾ ਜਾਂਦਾ ਹੋਇਆ ਇਹੀ ਕਹਾਂਗਾ ਕਿ ਮੈਨੂੰ ਬਹੁਤ ਖੁਸ਼ੀ ਹੈ, ਸਾਡੇ ਜ਼ਿਲ੍ਹੇ ਨੂੰ ਇਸ ਗੱਲ ਦਾ ਬਹੁਤ ਮਾਣ ਹੈ ਕਿ ਤੁਸੀਂ ਬਹੁਤ ਹੀ ਅਗਾਂਹਵਧੂ ਤੇ ਨਿਧੜਕ ਜਰਨੈਲ ਅੱਜ ਇੱਥੇ ਬੈਠੇ ਹੋ । ਮੈਨੂੰ ਪੂਰਨ ਆਸ ਹੈ ਕਿ ਤੁਹਾਡੇ ਨਾਲ ਇਸ ਇੰਸਟੀਚਿਊਸ਼ਨ ਦਾ ਨਾਂ ਹੋਰ ਬਹੁਤ ਉਚਾ ਹੋਵੇਗਾ। ਇਸ ਵਿੱਚ ਚੰਗੀਆਂ ਪ੍ਰੰਪਰਾਵਾਂ ਪੈਣਗੀਆਂ । ਤੁਸੀਂ ਸਾਡੇ ਮੈਂਬਰਾਂ ਦਾ ਜਿਹੜਾ ਸਟੇਟਸ ਹੈ, ਉਸ ਨੂੰ ਪੰਜਾਬ ਵਿੱਚ ਸਹੀ ਰੂਪ ਵਿੱਚ ਲਾਗੂ ਕਰੋਗੇ । ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਆਪ ਜੀ ਨੂੰ ਹੋਰ ਤਰੱਕੀਆਂ ਬਖਸ਼ਣ । ਜੈ ਹਿੰਦ । (ਥੰਪਿੰਗ)

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਸਪੀਕਰ ਸਾਹਿਬ, ਮੇਰੇ ਸਾਥੀਆਂ ਨੇ ਤੁਹਾਡੀ ਬਹੁਤ ਸ਼ਲਾਘਾ ਕੀਤੀ ਹੈ। ਉਤਰਦਾਇਤਵ ਕੋਈ ਵੀ ਹੋਵੇ, ਯੋਗਤਾ ਔਰ ਸ਼ਕਤੀ ਨਾਲ ਚਲਦਾ ਹੈ। ਮੈਂ ਕੈਪਟਨ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਤੁਸੀਂ ਇੱਕ ਮਣੀ ਸੀ ਜਿਸ ਦੀ ਚਮਕ ਬਹੁਤ ਜ਼ਬਰਦਸਤ ਸੀ, ਅਸੀਂ ਉਹ ਚੁੱਕ ਕੇ ਉਹ ਮਣੀ ਸੋਨੇ ਵਿੱਚ ਜੜ ਦਿੱਤੀ ਜਿਸ ਕਰਕੇ ਇਸ ਦੀ ਚਮਕ ਹਜ਼ਾਰ ਗੁਣਾਂ ਵਧ ਗਈ। (ਥੰਪਿੰਗ) ਮੈਂ ਸਾਗਰ ਨੂੰ ਗਾਗਰ ਵਿੱਚ ਪਾਵਾਂਗਾ ਤੇ ਫਿਰ ਇਨ੍ਹਾਂ (ਆਮ ਆਦਮੀ ਪਾਰਟੀ ਵੱਲ ਇਸ਼ਾਰਾ)

ਉਤੇ ਵੀ ਆਵਾਂਗਾ । ਇਨ੍ਹਾਂ ਨੂੰ ਵੀ ਪੂਰਾ ਟਿਕਾ ਕੇ ਦੱਸਾਂਗਾ ਕਿ ਸਾਰੀ ਗੱਲ ਕੀ ਹੈ । ਸਾਗਰ ਨੂੰ ਗਾਗਰ ਵਿੱਚ ਕੀ ਪਾਉਣਾ ਹੈ, ਜੋ ਤੁਹਾਡੇ ਬਾਰੇ ਗੱਲ ਕਹਿਣੀ ਹੋਵੇ। ਸਪੀਕਰ ਸਾਹਿਬ, ਮੈਂ ਛਾਤੀ ਠੋਕ ਕੇ, ਗਰਵ ਨਾਲ, ਫਖਰ ਨਾਲ ਕਹਿ ਸਕਦਾ ਹਾਂ, ਹਰ ਪਰਬਤ ਉਤੇ ਮਣੀ ਮਾਣਕ ਨਹੀਂ ਹੁੰਦੇ, ਹਰ ਹਾਥੀ ਦੇ ਮੱਥੇ ਮੁਖਤਾ ਮਣੀ ਨਹੀਂ ਹੁੰਦੀ, ਹਰ ਜੰਗਲ ਵਿੱਚ ਚੰਦਨ ਦੇ ਪੇੜ ਨਹੀਂ ਹੁੰਦੇ ਤੇ ਹਰ ਸੂਬੇ ਵਿੱਚ ਤੁਹਾਡੇ ਵਰਗੇ ਸਪੀਕਰ ਨਹੀਂ ਹੁੰਦੇ । (ਥੰਪਿੰਗ) ਹੁਣ ਗੱਲ ਇਨ੍ਹਾਂ ਦੀ (ਆਮ ਆਦਮੀ ਪਾਰਟੀ ਵੱਲ ਇਸ਼ਾਰਾ)। ਇਨ੍ਹਾਂ ਬਾਰੇ ਮੈਂ ਕੀ ਕਹਾਂ ? ਰੌਲਾ ਪਾਉਣ ਨਾਲ ਕੁਝ ਨਹੀਂ ਦਰਸਾਇਆ ਜਾਂਦਾ । ਇਹ ਤਾਂ ਪਹਿਲਾਂ ਹੀ ਰੌਲਾ ਪਾਉਂਦੇ ਸਨ, ਪਿਛਲੇ ਇੱਕ ਸਾਲ ਦੇ ਲੱਗੇ ਸਨ – ਸਾਰਾ ਪੰਜਾਬ ਕੇਜਰੀਵਾਲ ਦੇ ਨਾਲ । ਹੁਣ ਪੰਜਾਬ ਦੇ ਲੋਕ ਕਹਿੰਦੇ ਹਨ, ਕੇਜਰੀਵਾਲ, ਇਹ ਕੀ ਹੋਇਆ, ਤੇਰੇ ਨਾਲ । ਇਨ੍ਹਾਂ ਨੂੰ ਜਵਾਬ ਲੋਕਾਂ ਨੇ ਦਿੱਤਾ ਹੈ । ਲੋਕਾਂ ਨੇ ਨੁਮਾਇੰਦੇ ਚੁਣ ਕੇ ਮੈਜਾਰਿਟੀ ਦੀ ਸਰਕਾਰ ਬਣਾਈ ਹੈ । ਹਾਲੇ ਤਾਂ ਸਰਕਾਰ ਨੇ ਕੰਮ ਕਰਨਾ ਸ਼ੁਰੂ ਨਹੀਂ ਕੀਤਾ । We are not denying them a debate. We have never denied them the debate. ਇਹ ਜਿੰਨੀ ਮਰਜ਼ੀ ਬਹਿਸ ਕਰਨ, ਠੋਕ ਕੇ ਜਵਾਬ ਦਿਆਂਗੇ । ਲੇਕਿਨ ਸਰਕਾਰ ਥੋੜ੍ਹਾ ਵਕਤ ਕੰਮ ਤਾਂ ਕਰੇ । ਪਿਛਲੀ ਸਰਕਾਰ ਵੇਲੇ ਬਹੁਤ ਕੁਝ ਕਹਿ ਲਿਆ ਸੀ । ਉਸ ਬਾਰੇ ਅਸੀਂ ਜ਼ਿਆਦਾ ਨਹੀਂ ਕਹਿਣਾ । We will do what is constitutionally right. ਇੱਥੇ ਇੰਨੇ ਸਿਆਣੇ ਵਰਿਸ਼ਠ ਬੰਦੇ ਬੈਠੇ ਹਨ । ਇਨ੍ਹਾਂ ਨੂੰ ਸਭ ਕੁਝ ਪਤਾ ਹੈ । ਬਹੁਤ ਬਹੁਤ ਮੁਬਾਰਕਾਂ। ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ । ਤੁਹਾਨੂੰ ਲੱਖ ਲੱਖ ਵਧਾਈ । Thank you . (ਥੰਪਿੰਗ)

**ਮਾਨਯੋਗ ਸਪੀਕਰ :** ਮੈਂ ਪਰਮ ਪਿਤਾ ਪਰਮੇਸ਼ਰ ਦਾ ਸ਼ੁਕਰਾਨਾ ਅਦਾ ਕਰਦਾ ਹਾਂ ਜਿਨ੍ਹਾਂ ਦੀ ਅਪਾਰ ਕਿਰਪਾ ਸਦਕਾ ਮੈਨੂੰ ਇਸ ਮਹਾਨ ਸਦਨ ਦੀ ਸੇਵਾ ਕਰਨ ਦਾ ਅਵਸਰ ਪ੍ਰਾਪਤ ਹੋਇਆ ਹੈ । ਮੈਂ ਇਸ ਪਵਿੱਤਰ ਸਦਨ ਦੇ ਸਰਵ ਪ੍ਰਵਾਨਿਤ ਨੇਤਾ ਅਤੇ ਮਾਨਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ, ਮਾਨਯੋਗ ਮੰਤਰੀ ਸਾਹਿਬਾਨ, ਵਿਰੋਧੀ ਧਿਰ ਦੇ ਮੁਅੱਜ਼ਜ ਮੈਂਬਰ ਸਾਹਿਬਾਨ ਦਾ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰਗੁਜ਼ਾਰ ਹਾਂ ਕਿ ਆਪ ਸਭ ਨੇ ਮੈਨੂੰ ਇਸ ਪਾਕ ਸਦਨ ਦੇ ਸਪੀਕਰ ਵਜੋਂ ਫਰਜ਼ ਨਿਭਾਉਣ ਲਈ ਸਰਬਸੰਮਤ ਰਾਏ ਨਾਲ ਚੁਣਿਆ ਹੈ । ਇਸ ਮਾਣ ਸਤਿਕਾਰ ਲਈ, ਆਪ ਸਭ ਦਾ ਧੰਨਵਾਦ ਕਰਨ ਲਈ ਮੇਰੇ ਸ਼ਬਦ, ਮੇਰੀਆਂ ਭਾਵਨਾਵਾਂ ਪ੍ਰਗਟ ਨਹੀਂ ਕਰ ਸਕਦੇ । ਇਸ ਵੱਡੀ ਜ਼ੁੰਮੇਵਾਰੀ ਨੂੰ ਨਿਮਰਤਾ ਅਤੇ ਸ਼ੁਕਰਗੁਜ਼ਾਰੀ ਨਾਲ ਸਵੀਕਾਰ ਕਰਦਿਆਂ ਮੈਂ ਆਪ ਸਭ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਸਥਾਪਿਤ ਪ੍ਰੰਪਰਾਵਾਂ ਅਤੇ ਨਿਯਮਾਂ ਤਹਿਤ ਆਪ ਜੀ ਦੀਆਂ ਉਮੀਦਾਂ ਅਤੇ ਆਸਾਂ ਤੇ ਖਰਾ ਉਤਰਨ ਲਈ ਆਪਣੀ ਯੋਗਤਾ ਤੇ ਤਜਰਬੇ ਮੁਤਾਬਕ ਹਰ ਸੰਭਵ ਕੋਸ਼ਿਸ਼ ਕਰਾਂਗਾ । ਮੈਂ ਉਚੇਚੇ ਤੌਰ ਤੇ ਧੰਨਵਾਦੀ ਹਾਂ, ਆਲ ਇੰਡੀਆ ਕਾਂਗਰਸ ਕਮੇਟੀ ਦੇ ਸਤਿਕਾਰਯੋਗ ਪ੍ਰਧਾਨ, ਮੀਤ ਪ੍ਰਧਾਨ ਅਤੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜਿਨ੍ਹਾਂ

[ ਮਾਨਯੋਗ ਸਪੀਕਰ ]

ਨੇ ਮੈਨੂੰ ਸਪੀਕਰ ਦੀ ਇਸ ਜ਼ੁੰਮੇਵਾਰੀ ਲਈ ਯੋਗ ਸਮਝਿਆ । ਸਾਲ 2002 ਵਿੱਚ ਜਦੋਂ ਮੈਂ ਪਹਿਲੀ ਵਾਰ ਇਸ ਪਵਿੱਤਰ ਸਦਨ ਦਾ ਮੈਂਬਰ ਚੁਣਿਆ ਗਿਆ ਸੀ ਤਾਂ ਉਸ ਵੇਲੇ ਵੀ ਸਦਨ ਦੇ ਨੇਤਾ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਹੀ ਮੁੱਖ ਮੰਤਰੀ ਸਨ। ਸਤਿਕਾਰਯੋਗ ਮੈਂਬਰ ਸਾਹਿਬਾਨ, ਮੈਨੂੰ ਇਹ ਕਹਿਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਾਨੂੰ ਸਦਨ ਦੇ ਨੇਤਾ ਦੇ ਰੂਪ ਵਿੱਚ ਉਸ ਤਜਰਬੇਕਾਰ ਸ਼ਖਸੀਅਤ ਦੀ ਅਗਵਾਈ ਨਸੀਬ ਹੋਈ ਹੈ, ਜਿਸ ਨੇ ਸਦਾ ਆਪਣੇ ਵਿਅਕਤੀਗਤ ਅਤੇ ਪਾਰਟੀ ਦੇ ਹਿਤਾਂ ਤੋਂ ਪਹਿਲਾਂ ਸੂਬੇ ਅਤੇ ਸੂਬੇ ਦੇ ਲੋਕਾਂ ਦੇ ਹਿਤਾਂ ਨੂੰ ਤਰਜੀਹ ਦਿੱਤੀ ਹੈ। ਜਦ ਜਦ ਵੀ ਪੰਜਾਬ ਅਤੇ ਉਸ ਦੇ ਲੋਕਾਂ ਦੇ ਹਿਤਾਂ ਨੂੰ ਕਿਸੇ ਤਰ੍ਹਾਂ ਦੀ ਆਂਚ ਆਈ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਜੀ ਨੇ ਹਰ ਤਰ੍ਹਾਂ ਦੇ ਸਿਆਸੀ ਨਫ਼ੇ ਨੁਕਸਾਨ ਦੀ ਪਰਵਾਹ ਕੀਤੇ ਬਿਨਾਂ ਸੂਬੇ ਅਤੇ ਸੂਬੇ ਦੇ ਲੋਕਾਂ ਦੇ ਹਿਤਾਂ ਦੀ ਲੜਾਈ ਮੂਹਰੇ ਹੋ ਕੇ ਲੜੀ ਹੈ। ਅੱਜ ਪੰਜਾਬ ਨੂੰ ਇਸੇ ਤਰ੍ਹਾਂ ਦੇ ਨਿਰਭੈ, ਨਿਰਵੈਰ, ਦਲੇਰ ਅਤੇ ਫੈਸਲਾਕੁੰਨ ਆਗੂ ਦੀ ਜ਼ਰੂਰਤ ਸੀ, ਜੋ ਆਉਣ ਵਾਲੇ ਸਮੇਂ ਵਿੱਚ ਪੰਜਾਬ ਅਤੇ ਪੰਜਾਬੀਆਂ ਦੇ ਹੱਕਾਂ ਦੀ ਡੱਟ ਕੇ ਰਾਖੀ ਕਰ ਸਕੇ। ਪੰਜਾਬੀ ਸੂਬੇ ਵਜੋਂ ਪੁਨਰਗਠਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਹੀ ਕਾਂਗਰਸ ਪਾਰਟੀ ਦੇ ਅਜਿਹੇ ਆਗੂ ਹਨ, ਜਿਨ੍ਹਾਂ ਨੂੰ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣਨ ਦਾ, ਇਤਿਹਾਸ ਸਿਰਜਣ ਦਾ ਮੌਕਾ ਮਿਲਿਆ ਹੈ। ਇਨ੍ਹਾਂ ਚੋਣਾਂ ਦੌਰਾਨ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਤਿਕਾਰਯੋਗ ਪ੍ਰਧਾਨ, ਸਤਿਕਾਰਯੋਗ ਮੀਤ ਪ੍ਰਧਾਨ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਕ੍ਰਿਸ਼ਮਈ ਲੀਡਰਸ਼ਿਪ ਵਿੱਚ ਪੰਜਾਬ ਦੇ ਲੋਕਾਂ ਨੇ ਮੁਕੰਮਲ ਵਿਸ਼ਵਾਸ ਪ੍ਰਗਟ ਕੀਤਾ ਹੈ। ਮੈਂ ਵਿਰੋਧੀ ਧਿਰ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ ਦਾ ਅਤਿ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਇਸ ਸਦਨ ਦੇ ਸਪੀਕਰ ਵਜੋਂ ਨਿਰਵਿਰੋਧ, ਸਰਬਸੰਮਤੀ ਨਾਲ ਚੁਣਿਆ ਹੈ। ਆਪ ਜੀ ਵੱਲੋਂ ਮੇਰੇ ਪ੍ਰਤੀ ਪ੍ਰਗਟਾਇਆ ਗਿਆ ਪਿਆਰ, ਮੈਨੂੰ ਹੋਰ ਜ਼ਿੰਮੇਵਾਰੀ ਨਾਲ ਆਪਣੇ ਫਰਜ਼ ਨਿਭਾਉਣ ਲਈ ਪ੍ਰੇਰਿਤ ਕਰੇਗਾ। ਮੈਂ ਅਜਿਹੇ ਸਰਬਸੰਮਤ ਭਰੋਸੇ ਅਤੇ ਸਹਿਯੋਗ ਦੀ ਭਵਿੱਖ ਵਿੱਚ ਵੀ ਆਪ ਸਭ ਤੋਂ ਆਸ ਰੱਖਾਂਗਾ, ਜਿਸ ਨਾਲ ਮੈਂ ਇਸ ਸਦਨ ਦੀ ਕਾਰਵਾਈ ਨੂੰ ਸਥਾਪਿਤ ਪ੍ਰੰਪਰਾਵਾਂ ਅਤੇ ਨਿਯਮਾਂ ਅਨੁਸਾਰ ਚਲਾਉਣ ਵਿੱਚ ਕਾਮਯਾਬ ਹੋਵਾਂ। ਸਭ ਤੋਂ ਅਹਿਮ ਮੁੱਦਾ, ਜੋ ਸਾਡੇ ਸਭ ਦਾ ਧਿਆਨ ਮੰਗੇਗਾ, ਉਹ ਹੈ ਸਦਨ ਦੇ ਸਮੇਂ ਦੀ ਸੁਚੱਜੀ ਵਰਤੋਂ ਕਰਨੀ। ਅੱਜਕੱਲ੍ਹ ਹਰ ਇੱਕ ਵਿਧਾਨ ਸਭਾ ਅਤੇ ਪਾਰਲੀਮੈਂਟ ਦੇ ਸਦਨਾਂ ਦਾ ਬਹੁਤਾ ਸਮਾਂ ਰੌਲੇ-ਰੱਪੇ, ਵਾਕ-ਆਊਟ, ਨਾਹਰੇਬਾਜ਼ੀ ਅਤੇ ਧਰਨਿਆਂ ਆਦਿ ਵਿੱਚ ਹੀ ਵਿਅਰਥ ਚਲਾ ਜਾਂਦਾ ਹੈ। ਮੈਨੂੰ ਉਮੀਦ ਹੈ ਕਿ ਵਿਰੋਧੀ ਧਿਰ ਉੱਚੀਆਂ ਪਾਰਲੀਮੈਂਟਰੀ ਰਵਾਇਤਾਂ ਦੀ ਸ਼ਾਨ ਅਤੇ ਮਜ਼ਬੂਤੀ ਲਈ ਸਦਨ ਵਿੱਚ ਡਿਬੇਟਸ ਅਤੇ ਡਿਸਕਸ਼ਨ ਵਿੱਚ ਨਿੱਗਰ ਅਤੇ ਨਰੋਏ ਤਰੀਕੇ ਨਾਲ ਭਾਗ ਲੈਂਦੀ ਰਹੇਗੀ। ਮੈਨੂੰ ਪੂਰਨ ਆਸ ਹੈ ਕਿ ਤੁਸੀਂ ਮੇਰੀ ਇਸ ਬੇਨਤੀ ਨੂੰ ਪ੍ਰਵਾਨ ਕਰੋਗੇ। ਮੈਂ ਅੱਗੇ ਇਹ ਵੀ ਵਿਸ਼ਵਾਸ

ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਡਿਬੇਟਸ ਦੌਰਾਨ ਸਦਨ ਦੇ ਸਾਰੇ ਮੈਂਬਰਾਂ ਨੂੰ ਸਮਾਂ ਸੀਮਾ ਤਹਿਤ ਆਪਣੇ ਵਿਚਾਰ ਪੇਸ਼ ਕਰਨ ਲਈ ਵੱਧ ਤੋਂ ਵੱਧ ਸਮਾਂ ਦੇਣ ਦੀ ਕੋਸ਼ਿਸ਼ ਕਰਾਂਗਾ ਤਾਂ ਕਿ ਬਹਿਸ ਨੂੰ ਉਸ ਦੀ ਸਾਰਥਿਕਤਾ ਤੱਕ ਪਹੁੰਚਾਇਆ ਜਾ ਸਕੇ। ਇਸ ਸਬੰਧ ਵਿੱਚ ਮੈਂ ਇੱਕ ਮਹਾਨ ਵਿਚਾਰਕ ਦੇ ਸ਼ਬਦ ਆਪ ਨਾਲ ਸਾਂਝੇ ਕਰਨੇ ਚਾਹੁੰਦਾ ਹਾਂ, ਜੋ ਲਿਖਦੇ ਹਨ ਕਿ I disapprove of what you say, but I will defend to the death your right to say it.

ਇਸ ਦੇ ਨਾਲ ਹੀ ਮੈਂ ਇਹ ਵੀ ਗੁਜ਼ਾਰਿਸ਼ ਕਰਦਾ ਹਾਂ –

ਕੁਛ ਗਾਇਰ-ਜਾਨਿਬਦਾਰ ਹਮ ਭੀ ਹੈਂ, ਕੁਛ ਬਾਦਸਤੂਰ ਆਪ ਭੀ ਰਹਿਨਾ। (ਥੰਪਿੰਗ)

ਮੈਂ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਇਸ ਸਦਨ ਦੀ ਕਾਰਵਾਈ ਨੂੰ ਸੁਚਾਰੂ ਤਰੀਕੇ ਨਾਲ ਚਲਾਉਣਾ ਸੱਤਾ ਧਿਰਾਂ ਅਤੇ ਵਿਰੋਧੀ ਧਿਰਾਂ ਦੋਹਾਂ ਦੀ ਸਾਂਝੀ ਜ਼ਿੰਮੇਵਾਰੀ ਹੈ। ਮੈਨੂੰ ਇਹ ਗੱਲ ਕਹਿਣ ਵਿੱਚ ਕੋਈ ਸੰਕੋਚ ਨਹੀਂ ਕਿ ਅੱਜਕਲ੍ਹ ਵਿਧਾਨਕਾਰਾਂ ਵੱਲੋਂ ਸਦਨ ਦੇ ਅੰਦਰ ਸ਼ਾਲੀਨਤਾ ਅਤੇ ਅਨੁਸ਼ਾਸਨ ਰੱਖਣ ਵਿੱਚ ਅਸਫਲਤਾ ਲਈ ਉਨ੍ਹਾਂ ਦੀ ਕਾਫੀ ਆਲੋਚਨਾ ਹੁੰਦੀ ਹੈ, ਜੋ ਜਨਤਾ ਲਈ ਚਰਚਾ ਦਾ ਵਿਸ਼ਾ ਬਣਦਾ ਹੈ। ਲੋਕਾਂ ਦੇ ਮਨਾਂ ਵਿੱਚ ਵਿਧਾਨਕਾਰਾਂ ਦੇ ਅਜਿਹੇ ਨਾਕਾਰਾਤਮਕ ਅਕਸ ਨੂੰ ਮੋੜਾ ਦੇਣ ਲਈ ਸਾਨੂੰ ਸਦਨ ਦੇ ਅੰਦਰ ਅਤੇ ਬਾਹਰ ਆਪਣੇ ਚੰਗੇ ਕਿਰਦਾਰ ਅਤੇ ਵਿਵਹਾਰ ਨਾਲ ਵਿਚਰਨਾ ਪਵੇਗਾ। ਇਹ ਸਦਨ ਸਿਰਫ ਕਾਨੂੰਨ ਬਣਾਉਣ ਵਾਲੀ ਹੀ ਸੰਸਥਾ ਨਹੀਂ ਬਲਕਿ ਇਹ ਸਦਨ ਸੂਬੇ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ। ਇਹ ਸਦਨ ਲੋਕਾਂ ਦੀਆਂ ਖਾਹਿਸ਼ਾਂ ਅਤੇ ਉਮੀਦਾਂ ਦਾ ਮੌਲਿਕ ਰੂਪ ਹੈ। ਇਹ ਸਦਨ ਵੱਖਰੇ ਵੱਖਰੇ ਸਮਾਜਿਕ, ਸਭਿਆਚਾਰਕ ਪਿਛੋਕੜ, ਵੱਖਰੇ ਵੱਖਰੇ ਵਿਚਾਰਧਾਰਕ ਹਿਤ ਅਤੇ ਵੱਖੋ-ਵੱਖਰੀਆਂ ਰਾਜਨੀਤਿਕ ਵਿਚਾਰਧਾਰਾਵਾਂ ਦੀ ਨੁਮਾਇੰਦਗੀ ਕਰਦਾ ਹੈ। ਇਸ ਲਈ ਇਸ ਸਦਨ ਨੂੰ ਰਾਜਨੀਤਿਕ ਕਿੜ੍ਹ ਕੱਢਣ ਦਾ ਪਲੇਟਫਾਰਮ ਬਣਾਉਣ ਦੀ ਬਜਾਏ, ਰਾਜਨੀਤਿਕ ਸੰਵਾਦ ਦਾ ਮੰਚ ਬਣਾਉਣ ਦੀ ਜ਼ਰੂਰਤ ਹੈ। ਸਦਨ ਦੇ ਬਾਹਰ ਦੀ ਰਾਜਨੀਤਿਕ ਕੁੜੱਤਣ ਸਦਨ ਦੇ ਅੰਦਰ ਲਿਆਉਣ ਤੋਂ ਸਾਨੂੰ ਸਾਰਿਆਂ ਨੂੰ ਗੁਰੇਜ਼ ਕਰਨਾ ਚਾਹੀਦਾ ਹੈ । It is our inner gentleness that will make us an ornament to the Legislature. ਇਸ ਸਦਨ ਵਿੱਚ ਲਗਭਗ ਕਾਫੀ ਗਿਣਤੀ ਵਿੱਚ ਅਜਿਹੇ ਮੈਂਬਰ ਹਨ, ਜੋ ਪਹਿਲੀ ਵਾਰ ਚੁਣ ਕੇ ਆਏ ਹਨ। ਮੈਂ ਇਨ੍ਹਾਂ ਸਾਰਿਆਂ ਦੇ ਚੰਗੇ ਅਤੇ ਖੁਸ਼ੀਆਂ ਭਰੇ ਸਿਆਸੀ ਜੀਵਨ ਲਈ ਕਾਮਨਾ ਕਰਦਾ ਹਾਂ। ਮੈਂ ਇਨ੍ਹਾਂ ਨੂੰ ਕਹਿਣਾ ਚਾਹਾਂਗਾ ਕਿ ਤੁਸੀਂ ਸਾਡਾ ਸਰਮਾਇਆ ਹੋ ਕਿਉਂਕਿ ਤੁਹਾਡੇ ਵਿਚੋਂ ਜ਼ਿਆਦਾਤਰ ਵਿਧਾਇਕ ਨੌਜਵਾਨਾਂ ਦੀ ਪ੍ਰਤੀਨਿਧਤਾ ਕਰਦੇ ਹਨ। ਸਾਡੇ ਲਈ ਸਭ ਤੋਂ ਜ਼ਰੂਰੀ ਹੈ ਕਿ ਤੁਸੀਂ ਰੂਲਜ਼ ਆਫ ਪ੍ਰੋਸੀਜਰ ਐਂਡ ਕੰਡਕਟ ਆਫ ਬਿਜ਼ਨਸ ਨੂੰ ਧਿਆਨ ਨਾਲ ਪੜ੍ਹੋ ਕਿਉਂਕਿ ਇਸ ਅਨੁਸਾਰ ਹੀ ਹਾਊਸ ਨੇ ਕੰਮ-ਕਾਜ ਕਰਨਾ ਹੈ।

[ ਮਾਨਯੋਗ ਸਪੀਕਰ ]

ਤੁਹਾਡੇ ਲਈ ਪੁਰਾਣੀਆਂ ਡਿਬੇਟਸ ਵੀ ਪੜ੍ਹਨੀਆਂ ਜ਼ਰੂਰੀ ਹਨ ਤਾਂਕਿ ਹਾਊਸ ਵਿੱਚ ਤੁਹਾਡੇ ਵੱਲੋਂ ਚੰਗੀ ਪੇਸ਼ਕਾਰੀ ਹੋਵੇ। ਲੋਕਤੰਤਰ ਵਿੱਚ ਨਿਰਪੱਖ ਤੇ ਅਜ਼ਾਦ ਪ੍ਰੈਸ ਲੋਕਾਂ ਅਤੇ ਸਦਨ ਦਰਮਿਆਨ ਇੱਕ ਕੜੀ ਦੇ ਤੌਰ ਤੇ ਕੰਮ ਕਰਦੀ ਹੈ। ਮੈਂ ਪ੍ਰੈਸ ਦੇ ਸਤਿਕਾਰਯੋਗ ਨੁਮਾਇੰਦਿਆਂ ਨੂੰ ਅਪੀਲ ਕਰਾਂਗਾ ਕਿ ਉਹ ਸਦਨ ਦੀ ਕਾਰਵਾਈ ਨੂੰ ਪੂਰੀ ਜ਼ਿੰਮੇਵਾਰੀ ਤੇ ਨਿਰਪੱਖਤਾ ਨਾਲ ਲੋਕਾਂ ਤੱਕ ਪਹੁੰਚਾਉਣ ਅਤੇ ਉਸਾਰੂ ਸੋਚ ਨੂੰ ਅੱਗੇ ਰੱਖਦੇ ਹੋਏ ਚੰਗੀਆਂ ਡਿਬੇਟਸ ਤੇ ਡਿਸਕਸ਼ਨਜ਼ ਨੂੰ ਨਿਯਮਾਂ ਤਹਿਤ ਪ੍ਰਮੁੱਖਤਾ ਨਾਲ ਛਾਪਣ ਤਾਂ ਕਿ ਲੋਕਾਂ ਨੂੰ ਵੀ ਪਤਾ ਲੱਗ ਸਕੇ ਕਿ ਸਦਨ ਵਿੱਚ ਕਿਸ ਮੁੱਦੇ ਉਤੇ ਕਿਹੋ ਜਿਹੀ ਬਹਿਸ ਹੋ ਰਹੀ ਹੈ । ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਵਿਧਾਨ ਸਭਾ ਦੇ ਸਪੀਕਰ ਦੇ ਤੌਰ ਤੇ ਮੇਰੇ ਆਚਾਰ ਅਤੇ ਵਿਵਹਾਰ ਨੂੰ ਕਰੜੀ ਰੀਝ ਨਾਲ ਦੇਖਿਆ ਅਤੇ ਪਰਖਿਆ ਜਾਵੇਗਾ। ਮੇਰੀ ਕੋਸ਼ਿਸ਼ ਰਹੇਗੀ ਕਿ ਮੇਰੇ ਤੋਂ ਪਹਿਲਾਂ ਇਸ ਪਦਵੀ ਤੇ ਬਿਰਾਜਮਾਨ ਰਹੀਆਂ ਸ਼ਖਸੀਅਤਾਂ ਵੱਲੋਂ ਸਥਾਪਿਤ ਉਚੀਆਂ ਵਿਧਾਨਕ ਰਵਾਇਤਾਂ ਅਤੇ ਕਦਰਾਂ-ਕੀਮਤਾਂ ਨੂੰ ਨਾ ਸਿਰਫ ਕਾਇਮ ਰੱਖਿਆ ਜਾਵੇ ਸਗੋਂ ਹੋਰ ਪੱਕਿਆਂ ਕੀਤਾ ਜਾਵੇ। ਮੈਂ ਇਸ ਸੰਵਿਧਾਨਕ ਪਦਵੀ ਦੀ ਜ਼ਿੰਮੇਵਾਰੀ ਨੂੰ ਅਹੁਦੇ ਦੀ ਤਰ੍ਹਾਂ ਨਹੀਂ ਸਗੋਂ ਇੱਕ ਪਵਿੱਤਰ ਫਰਜ਼ ਦੀ ਤਰ੍ਹਾਂ ਨਿਭਾਵਾਂਗਾ। ਸਤਿਕਾਰਯੋਗ ਮੁੱਖ ਮੰਤਰੀ ਜੀ, ਵਿਰੋਧੀ ਧਿਰ ਦੇ ਸਾਰੇ ਲੀਡਰ ਸਾਹਿਬਾਨ, ਹੋਰ ਲੀਡਰ ਸਾਹਿਬਾਨ ਨੇ ਮੈਨੂੰ ਵਧਾਈ ਦਿੰਦੇ ਸਮੇਂ ਜੋ ਅਲਫਾਜ਼ ਮੇਰੇ ਲਈ ਬੋਲੇ ਗਏ ਹਨ, ਮੈਂ ਉਨ੍ਹਾਂ ਉਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗਾ। ਸਦਨ ਦੀ ਕਾਰਵਾਈ ਨੂੰ ਹੋਰ ਬਿਹਤਰ ਤਰੀਕੇ ਨਾਲ ਚਲਾਉਣ ਲਈ ਤੁਹਾਡੇ ਸੁਝਾਵਾਂ ਅਤੇ ਸਲਾਹਾਂ ਦੀ ਮੈਨੂੰ ਹਮੇਸ਼ਾਂ ਬੇਸਬਰੀ ਨਾਲ ਉਡੀਕ ਰਹੇਗੀ। ਅੰਤ ਵਿੱਚ ਮੈਂ ਸਦਨ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਜੀ, ਵਿਰੋਧੀ ਧਿਰ ਦੇ ਤਮਾਮ ਮੈਂਬਰ ਸਾਹਿਬਾਨ ਅਤੇ ਮੀਡੀਆ ਦੇ ਨੁਮਾਇੰਦਿਆਂ ਦਾ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹੋਇਆ ਆਸ ਕਰਦਾ ਹਾਂ ਕਿ ਅਸੀਂ ਸਾਰੇ ਇਸ ਪਵਿੱਤਰ ਸਦਨ ਦੀ ਮਾਣ-ਮਰਿਆਦਾ ਅਤੇ ਪ੍ਰਤਿਸ਼ਠਾ ਨੂੰ ਸਮਝਦੇ ਹੋਏ ਆਪਣੇ ਫਰਜ਼ਾਂ ਨੂੰ ਨਿਭਾਵਾਂਗੇ। ਮੈਂ ਆਪ ਸਭ ਤੋਂ ਪੂਰਨ ਮਿਲਵਰਤਨ ਤੇ ਸਹਿਯੋਗ ਦੀ ਆਸ ਰੱਖਦਾ ਹਾਂ। ਆਪ ਸਭ ਦਾ ਬਹੁਤ ਧੰਨਵਾਦ । ਜੈ ਹਿੰਦ। (ਥੰਪਿੰਗ)

**ਮਾਨਯੋਗ ਸਪੀਕਰ :** ਹੁਣ ਸਦਨ ਮੰਗਲਵਾਰ, ਮਿਤੀ 28 ਮਾਰਚ, 2017 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੁੰਦਾ ਹੈ।

*2.47 ਵਜੇ ਬਾਅਦ ਦੁਪਹਿਰ — (ਇਸ ਸਮੇਂ ਸਦਨ ਮੰਗਲਵਾਰ, ਮਿਤੀ 28 ਮਾਰਚ, 2017 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

-----

2017
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

9331/05-2017/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ